

Driver Needed, Owner op. needed

ਡਰਾਈਵਰਾਂ ਦੀ ਲੋੜ

ਓਨਰ ਅਪਰੇਟਰਾਂ ਦੀ ਲੋੜ

209-479-0242



ਹਫਤਾਵਾਰੀ

# ਦੇਸ਼ ਦੁਆਬਾ

VOL - 6 ISSUE - 11

June 21, 2017

Postal Address
5101 Doe Hollow Pl, Antelope, CA-95843

www.deshdoaba.com
www.ambedkartimes.com



Golden State Truck Sales Inc.

ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ



Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ


# ਕੋਵਿੰਦ ਹੋਣਗੇ ਐਨਡੀਏ ਦੇ ਰਾਸ਼ਟਰਪਤੀ ਲਈ ਉਮੀਦਵਾਰ

## ਦਲਿਤ ਉਮੀਦਵਾਰ ਦਾ ਅਸੀਂ ਵਿਰੋਧ ਨਹੀਂ ਕਰਾਂਗੇ: ਮਾਇਆਵਤੀ

## ਵਿਰੋਧੀ ਧਿਰਾਂ ਵੱਲੋਂ ਕੋਵਿੰਦ ਨੂੰ ਟੱਕਰ ਦੇਣ ਲਈ ਤਾਕਤਵਰ ਉਮੀਦਵਾਰ ਦੀ ਭਾਲ

**ਨਵੀਂ ਦਿੱਲੀ (ਬਿਊਰੋ)–** ਭਾਜਪਾ ਨੇ ਸਾਰਿਆਂ ਨੂੰ ਹੈਰਾਨ ਕਰਦਿਆਂ ਉਤਰ ਪ੍ਰਦੇਸ਼ ਦੇ ਦਲਿਤ ਆਗੂ ਰਾਮ ਨਾਥ ਕੋਵਿੰਦ ਨੂੰ ਰਾਸ਼ਟਰਪਤੀ ਚੋਣ ਲਈ ਐਨਡੀਏ ਦਾ ਉਮੀਦਵਾਰ ਐਲਾਨ ਦਿੱਤਾ, ਜੋ ਇਸ ਵਕਤ ਬਿਹਾਰ ਦੇ ਰਾਜਪਾਲ ਸਨ। ਪਾਰਟੀ ਦੇ ਸੰਸਦੀ ਬੋਰਡ ਦੀ ਅਚਾਨਕ ਸੱਦੀ ਮੀਟਿੰਗ ਤੋਂ ਬਾਅਦ ਪ੍ਰਧਾਨ ਅਮਿਤ ਸ਼ਾਹ ਨੇ ਮੀਡੀਆ ਨਾਲ ਗੱਲ ਕਰਦਿਆਂ ਕਿਹਾ, "ਰਾਮ ਨਾਥ ਕੋਵਿੰਦ ਨੇ ਹਮੇਸ਼ਾ ਦਲਿਤਾਂ ਤੇ ਦੂਜੇ ਪਛੜੇ ਵਰਗਾਂ ਦੀ ਭਲਾਈ ਲਈ ਕੰਮ ਕੀਤਾ ਹੈ।" ਉਨ੍ਹਾਂ ਉਮੀਦ ਜ਼ਾਹਰ ਕੀਤੀ ਕਿ ਸ੍ਰੀ ਕੋਵਿੰਦ ਨੂੰ ਸਾਰੀਆਂ ਵਿਰੋਧੀ ਪਾਰਟੀਆਂ ਦੀ ਹਮਾਇਤ ਵੀ ਹਾਸਲ ਹੋਵੇਗੀ। ਉਂਜ ਕਾਂਗਰਸ ਨੇ ਸਰਬਸੰਮਤੀ ਦੀਆਂ ਕੋਸ਼ਿਸ਼ਾਂ ਉਤੇ ਸਵਾਲੀਆ ਨਿਸ਼ਾਨ ਲਾਉਂਦਿਆਂ ਭਾਜਪਾ 'ਤੇ 'ਇਕਪਾਸੜ ਕਾਰਵਾਈ' ਦਾ ਦੋਸ਼ ਲਾਇਆ ਹੈ ਤੇ ਵਿਰੋਧੀ ਧਿਰ ਵੱਲੋਂ ਉਮੀਦਵਾਰ ਉਤਾਰੇ ਜਾਣ ਦਾ ਸੰਕੇਤ ਦਿੱਤਾ ਹੈ।

ਭਾਜਪਾ ਦੀ ਇਸ ਤੁਰਪ ਚਾਲ ਤੋਂ ਬਾਅਦ ਲੜੀਵਾਰ ਟਵੀਟਾਂ ਰਾਹੀਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ, "ਮੈਨੂੰ ਯਕੀਨ ਹੈ ਕਿ ਸ੍ਰੀ ਕੋਵਿੰਦ ਇਕ



ਲਾਸਾਨੀ ਰਾਸ਼ਟਰਪਤੀ ਸਾਬਤ ਹੋਣਗੇ ਤੇ ਉਹ ਗ਼ਰੀਬਾਂ, ਦਲਿਤਾਂ ਤੇ ਪਛੜਿਆਂ ਦੀ ਮਜ਼ਬੂਤ ਆਵਾਜ਼ ਬਣੇ ਰਹਿਣਗੇ।" ਉਨ੍ਹਾਂ ਨਾਲ ਹੀ ਕਿਹਾ, "ਸ੍ਰੀ ਕੋਵਿੰਦ ਇਕ ਕਿਸਾਨ ਦੇ ਪੁੱਤਰ ਤੇ ਨਿਮਾਣੇ ਪਿਛੋਕੜ ਨਾਲ ਸਬੰਧਤ ਹਨ।" ਸ੍ਰੀ ਕੋਵਿੰਦ (71) ਵੱਲੋਂ 23 ਜੂਨ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਵਿਦੇਸ਼ ਰਵਾਨਾ ਹੋਣ ਤੋਂ ਪਹਿਲਾਂ ਨਾਮਜ਼ਦਗੀ ਭਰੇ ਜਾਣ ਦੇ ਆਸਾਰ ਹਨ। ਸ੍ਰੀ ਸ਼ਾਹ ਨੇ ਕਿਹਾ ਕਿ ਐਨਡੀਏ ਵੱਲੋਂ ਰਾਸ਼ਟਰਪਤੀ ਉਮੀਦਵਾਰ ਵਜੋਂ ਅਨੇਕਾਂ ਨਾਵਾਂ ਨੂੰ ਵਿਚਾਰਿਆ ਗਿਆ ਅਤੇ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ, ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਤੇ ਹੋਰਨਾਂ ਨਾਲ ਵੀ ਵਿਚਾਰ-ਵਟਾਂਦਰਾ ਕੀਤਾ ਗਿਆ।

ਇਸ ਦੌਰਾਨ ਟੀਆਰਐਸ, ਵਾਈਐਸਆਰ ਕਾਂਗਰਸ, ਅੰਨਾ ਡੀਐਮਕੇ ਦੇ ਦੋਵੇਂ ਧੜਿਆਂ ਨੇ ਸ੍ਰੀ ਕੋਵਿੰਦ ਨੂੰ ਹਮਾਇਤ ਦਾ ਐਲਾਨ ਕਰ ਦਿੱਤਾ ਹੈ। ਐਨਡੀਏ ਦੇ ਕਈ ਭਾਈਵਾਲ ਜਿਵੇਂ ਐਲਜੇਪੀ, ਆਰਐਲਐਸਪੀ, ਟੀਡੀਪੀ, ਆਰਪੀਆਈ ਤੇ ਅਕਾਲੀ

**(ਬਾਕੀ ਸਫਾ 4 'ਤੇ)**

## ਮਨਪ੍ਰੀਤ ਬਾਦਲ ਵੱਲੋਂ ਸਾਰੇ ਪੱਖਾਂ ਨੂੰ ਰਾਹਤਾਂ ਦੇਣ ਵਾਲਾ ਪਲੇਠਾ ਬਜਟ ਪੇਸ਼ ਕੀਤਾ

**ਚੰਡੀਗੜ੍ਹ–** ਪੰਜਾਬ ਦੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਦਾ ਪਲੇਠਾ ਬਜਟ ਪੇਸ਼ ਕਰਦਿਆਂ ਸੂਬੇ ਦੇ ਕਿਸਾਨਾਂ, ਨੌਜਵਾਨਾਂ, ਦਲਿਤਾਂ, ਪਛੜੇ ਵਰਗਾਂ, ਬਜ਼ੁਰਗਾਂ ਆਦਿ ਨੂੰ ਕੁਝ ਰਿਆਇਤਾਂ ਦੇਣ ਦਾ ਐਲਾਨ ਕੀਤਾ ਹੈ। ਇਹ ਬਜਟ ਜ਼ਾਹਰਾ ਤੌਰ 'ਤੇ ਤਾਂ ਲੋਕ ਲੁਭਾਊ ਹੈ, ਪਰ ਨਾਲ ਹੀ ਸਰਕਾਰੀ ਖ਼ਰਚਿਆਂ ਤੇ ਵਸੀਲਿਆਂ ਬਾਰੇ ਸਵਾਲ ਵੀ ਖੜ੍ਹੇ ਕਰਦਾ ਹੈ। ਮਾਲੀ ਸਾਲ 2017-18 ਦੇ 118237.90 ਕਰੋੜ ਰੁਪਏ ਦੇ ਕੁੱਲ ਬਜਟ ਵਿੱਚ ਮਾਲੀ ਖ਼ਰਚੇ 105514.84 ਕਰੋੜ ਰੁਪਏ ਦੇ ਹਨ। ਇਸ ਤਰ੍ਹਾਂ 14784.87 ਕਰੋੜ ਰੁਪਏ ਦਾ ਮਾਲੀ ਘਾਟਾ ਦਿਖਾਇਆ ਗਿਆ ਹੈ, ਜੋ ਪਿਛਲੇ ਸਾਲ 11362.02 ਕਰੋੜ ਰੁਪਏ ਸੀ। ਰਾਜਕੋਸ਼ੀ ਘਾਟਾ 23092.10 ਕਰੋੜ ਰੁਪਏ ਹੋਵੇਗਾ, ਜੋ ਜੀਐਸਡੀਪੀ (ਕੁੱਲ ਘਰੇਲੂ ਪੈਦਾਵਾਰ) ਦਾ 4.96 ਫ਼ੀਸਦੀ ਬਣਦਾ ਹੈ। ਸਰਕਾਰ ਵੱਲੋਂ 12819 ਕਰੋੜ ਰੁਪਏ ਦਾ ਕਰਜ਼ਾ



ਲਿਆ ਜਾਣਾ ਹੈ।

ਇਨ੍ਹਾਂ ਤੱਥਾਂ ਤੋਂ ਇਹ ਵੀ ਸਾਫ਼ ਹੈ ਕਿ ਕਰਜ਼ਾ ਲੈ ਕੇ ਵੀ ਖ਼ਰਚ ਤੇ ਆਮਦਨ ਦਾ ਖੱਪਾ ਪੂਰਾ ਨਹੀਂ ਹੋਣਾ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸੋਮਵਾਰ ਨੂੰ ਵਿਧਾਨ ਸਭਾ 'ਚ ਦਿੱਤੇ ਭਾਸ਼ਨ ਦੌਰਾਨ ਸੀਮਾਂਤ ਤੇ ਛੋਟੇ ਕਿਸਾਨਾਂ ਦਾ 2 ਲੱਖ ਰੁਪਏ ਤੱਕ ਦਾ ਕਰਜ਼ਾ ਮੁਆਫ਼ ਕਰਨ ਸਮੇਤ ਕਈ ਹੋਰ ਰਾਹਤਾਂ ਤੇ ਸਹੂਲਤਾਂ ਦਾ ਐਲਾਨ ਕੀਤਾ ਸੀ। ਕਰਜ਼ਾ ਮੁਆਫ਼ੀ ਸਮੇਤ ਸਰਕਾਰ ਦੇ ਐਲਾਨਾਂ ਨੂੰ ਅਮਲੀ ਜਾਮਾ ਪਹਿਨਾਉਣ ਲਈ ਪੈਸਾ ਕਿੱਥੋਂ ਆਵੇਗਾ, ਇਸ ਬਾਰੇ ਬਜਟ ਬਿਲਕੁਲ ਖਾਮੋਸ਼ ਹੈ, ਕਿਉਂਕਿ ਵਿੱਤ ਮੰਤਰੀ ਨੇ ਨਵੇਂ ਕਰ ਲਾਉਣ ਦਾ ਵੀ ਐਲਾਨ ਨਹੀਂ ਕੀਤਾ। ਮਾਲੀ ਸਾਲ ਦੇ ਅਖ਼ੀਰ ਤੱਕ ਸਰਕਾਰ ਸਿਰ ਕਰਜ਼ੇ ਦਾ ਭਾਰ ਵਧ ਕੇ 1 ਕਰੋੜ 95 ਲੱਖ ਕਰੋੜ ਰੁਪਏ ਨੂੰ ਵੀ ਪਾਰ ਕਰ ਜਾਵੇਗਾ। ਮੁੱਖ ਮੰਤਰੀ ਵੱਲੋਂ ਕਿਸਾਨਾਂ ਦੇ ਕਰਜ਼ੇ ਮੁਆਫ਼ ਕਰਨ ਦੇ ਐਲਾਨ ਨੂੰ ਸਿਰੇ ਲਉਣ ਲਈ ਵਿੱਤ ਮੰਤਰੀ ਵੱਲੋਂ ਇਸ ਸਾਲ 1500 ਕਰੋੜ ਰੁਪਏ ਦਾ

**(ਬਾਕੀ ਸਫਾ 15 'ਤੇ)**



ਸ਼ਹੀਦਾਂ ਦੇ ਸਿਰਤਾਜ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਜੋੜ ਮੇਲਾ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ 23 ਤੋਂ 25 ਜੂਨ ਨੂੰ।

**(ਹੋਰ ਜਾਣਕਾਰੀ ਲਈ ਦੇਖੋ ਸਫਾ 12)**



ਪੰਜਾਬੀ ਅਮੈਰੀਕਨ ਸਿੱਖ ਸੋਸਾਇਟੀ ਔਰਲੈਂਡ ਨੇ ਕਰਵਾਇਆ ਸ਼ਾਨਦਾਰ ਵਿਸਾਖੀ ਮੇਲਾ **(ਤਸਵੀਰਾਂ ਤੇ ਰਿਪੋਰਟ ਦੇਖੋ ਸਫਾ 10 ਅਤੇ 11 'ਤੇ)**



ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ (ਕੈਲੇਫੋਰਨੀਆ) ਵਿਖੇ ਬਾਬਾ ਸਾਹਿਬ ਡਾ. ਭੀਮਰਾਓ ਰਾਮਜੀ ਅੰਬੇਡਕਰ ਜੀ ਦਾ 126ਵਾਂ ਜਨਮ ਦਿਨ 25 ਜੂਨ 2017 (ਦਿਨ ਐਤਵਾਰ) ਨੂੰ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਅਤੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਪੂਰਨ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ।

**(ਹੋਰ ਜਾਣਕਾਰੀ ਲਈ ਦੇਖੋ ਸਫਾ 9)**




MANDEEP SANDHU

SANDHU IMMIGRATION CONSULTANT

ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਸਿਆਸੀ ਸ਼ਰਨ, ਗਰੀਨ ਕਾਰਡ ਆਦਿ ਲਈ ਮਿਲੋ

Passports, Political Asylum, Visas, Green Cards, 1-9 Notary, Immigration Forms , Citizenship, Spouse/Family Petitions, Study Visas

All Kinds of Immigration Forms/Petitions/Visa

U-Visa

WE OPEN 7-DAYS A WEEK

Note: I am not an Immigration Attorney. msandhu2014@gmail.com (CST# 2122162-50)

"We sell International and Domestic Airline Tickets on Low Airfares"

(209-373-3562)

3222 PENELOPE DR. STOCKTON, CA- 95212
(NEAR HWY 99 ON MORADA LANE)



ELITE REALTY SERVICES

Shangara Ram
Realtor
CalBRE# 01969522

* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ।
** ਕਿਸੇ ਵੀ ਕਿਸਮ ਦੀ ਸੰਪਤੀ ਦੀ ਖਰੀਦ-ਵੇਚ, ਅਸਾਨ ਕਿਸ਼ਤਾਂ ਤੇ ਘਰ ਖਰੀਦਣ ਲਈ ਸੰਪਰਕ ਕਰੋ;

Cell: 916-479-5587, Fax: 916-917-5773
Office: 916-681-5112 shangararam2@gmail.com

7412 Elsie Ave., Sacramento, CA 95828

SAROAY INVESTMENT REALTY

Ram Saroay
Broker/Realtor
Business License 031035
ramsaroay@hotmail.com



39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

ELITE REALTY SERVICES
7412 Elsie Ave Sacramento, CA 95828

Shaan Nijjar (916) 751-8852
Realtor CalBRE 01980198
Shaan.Realtor@gmail.com www.SellSacValley.com
Office : (916) 681-5112 Fax : (916) 721-2373

ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ



Buy/ Sell Real Estate Residential or Commercial

Amrik Chand (CPA)

Phone : 510-490-8200
Fax : 510-490-8202
Email : achand@pacbell.net



Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.

* Please call us for Professional & reliable services at reasonable rates.

959 Corporate Way, Fremont, CA. 94539



Raja
SWEETS & CATERING
AUTHORIZED CATERER FOR MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on facebook. rajasweetsandcatering
Follow us on Twitter rajasweets




INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
CHAAT PLATE
ONLY FOR $2.99
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow Threading Now Open
Eyebrow Threading & Henna Tattoo
7 times, Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell : 916-338-5511
Email: IndiaMarketRoseville@gmail.com




ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
Kash FABRICS
ਸਾਡੀ ਸਪੈਸ਼ਲਟੀ
* ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ
* ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
* ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀ. ਵੀ. ਡੀ. ਦੀ ਬਹੁਤ ਵੱਡੀ ਕੁਲੈਕਸ਼ਨ ਹੈ।
* ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਾਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।
Appointments & Walk-Ins Welcome
Tuesday - Sunday: 11 AM - 8 PM
Threading Salon
Specializing in:
Eyebrow Threading .... $5
Full Face Threading, Facial,
Unique Mehndi Designs,
Natural Henna for Hair
KASH FABRICS
ONE STOP SHOPPING CENTRE
29576 Mission Blvd, Hayward, CA 94544
Tel: (510) 538-1138, Fax: (510) 538-4737
www.Kashfabrics.com
ਕਸ਼ਮੀਰ ਸਿੰਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ
Like us on Facebook | Follow us on Instagram




INDIA BAZAAR
Jai Ram Gaught
Harjit Gaught (Happy)
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS
CALL TO HAPPY
Cell: (209)-487-2127
Ph: (209) 478-0285
Fax: (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਦੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com

# ਵਿਆਹ ਦੀ ਲੜਾਈ ਮੌਕੇ ਮੁਜਰਮ ਫੜਨ ਵਿੱਚ ਦੇਰੀ ਕਰਨ ਕਾਰਨ ਫਰੀਮੌਂਟ ਪੁਲਿਸ ਖਿਲਾਫ਼ ਸਿਟੀ ਹਾਲ ਮੂਹਰੇ ਸ਼ਾਂਤਮਈ ਮੁਜ਼ਾਹਰਾ





**ਫਰੀਮੌਂਟ (ਕੈਲੇਫੋਰਨੀਆਂ)–** ਨੀਟਾ ਮਾਛੀਕੇ/ ਕੁਲਵੰਤ ਧਾਲੀਆਂ– ਫਰੀਮੌਂਟ ਸ਼ਹਿਰ ਦੇ ਇਕ ਬੈਂਕੁਇੱਟ ਹਾਲ ਦੇ ਬਾਹਰ ਵਿਆਹ ਦੀ ਪਾਰਟੀ ਦੌਰਾਨ ਗੁੰਡਾ ਅਨਸਰਾਂ ਨੇ ਹਮਲਾ ਕਰਕੇ ਕਰੀਬ ਛੇ ਵਿਅੱਕਤੀਆਂ ਨੂੰ ਜਖਮੀਂ ਕਰ ਦਿੱਤਾ ਸੀ। ਇਸ ਘਟਨਾ ਨੂੰ ਤਕਰੀਬਨ ਮਹੀਨੇ ਤੋਂ ਉਪਰ ਬੀਤ ਚੁਕਿਆ ਹੈ, ਲੇਕਿਨ ਫਰੀਮੌਂਟ ਪੁਲਿਸ ਦੀ ਕਾਰਗੁਜ਼ਾਰੀ ਤੋਂ ਪੀੜਤ ਪਰਿਵਾਰ ਨਾਂ-ਖੁਸ਼ ਹਨ। ਪੀੜਤ ਪਰਿਵਾਰਾਂ ਅਤੇ ਕਮਿਉਨਟੀ ਮੈਂਬਰਾਂ ਨੇ ਹੱਥਾਂ ਵਿੱਚ ਬੈਨਰ ਫੜਕੇ ਫਰੀਮੌਂਟ ਪੁਲਿਸ ਪਾਸੋਂ ਇਨਸਾਫ ਦੀ ਮੰਗ ਕੀਤੀ। ਇਸ ਮੌਕੇ ਕੌਂਸਲ ਮੈਬਰਾਂ ਸਾਹਮਣੇ ਵਿਆਹ ਵਾਲੀ ਕੁੜੀ ਨੇ ਕਿਹਾ ਕਿ ਜਦੋਂ ਪਾਰਟੀ ਖਤਮ ਹੋਣ ਸਾਰ ਮੇਰੇ ਰਿਸ਼ਤੇਦਾਰ ਪਾਰਕਿੰਗ ਲਾਟ ਵਿੱਚ ਘਰਾਂ ਨੂੰ ਜਾ ਰਹੇ ਸਨ ਤਾਂ ਕੁਝ ਗੁੰਡਾ ਅਨਸਰਾਂ ਨੇ ਸਾਡੇ ਮਹਿਮਾਨਾਂ ਤੇ ਹਮਲਾ ਕਰਕੇ ਮੇਰੇ ਵਿਆਹ ਦੀ ਪਾਰਟੀ ਨੂੰ ਬੁਰੀ ਤਰਾਂ ਰੋਲਕੇ ਰੱਖ ਦਿੱਤੀ। ਇਥੇ ਇਹ ਗੱਲ ਜਿਕਰਯੋਗ ਹੈ ਕਿ ਇਸ ਲੜਾਈ ਵਿੱਚ ਤਕਰੀਬਨ ਛੇ ਦਰਜਨ ਦੇ ਕਰੀਬ ਲੋਕ ਸ਼ਾਮਲ ਸਨ ਅਤੇ ਇਸ ਲੜਾਈ ਦੌਰਾਂਨ ਕਈ ਜਾਣੇ ਜਖਮੀਂ ਹੋ ਗਏ ਸਨ ਅਤੇ ਉਹਨਾਂ ਨੂੰ ਹਸਪਤਾਲ ਵਿੱਚ ਭਰਤੀ ਕਰਵਾਉਣਾ ਪਿਆ ਸੀ। ਇਹਨਾਂ ਵਿੱਚੋਂ ਨੌਜਵਾਨ ਦਲਜੀਤ ਸਿੰਘ ਗਿੱਲ ਦੀ ਹਾਲਤ ਹਾਲੇ ਵੀ ਗੰਭੀਰ ਬਣੀ ਹੋਈ ਹੈ। ਪੁਲਿਸ ਨੇ ਹਾਲੇ ਤੱਕ ਇਸ ਲੜਾਈ ਲਈ ਜੁੰਮੇਵਾਰ ਇੱਕ ਵਿਅੱਕਤੀ ਅਮ੍ਰਿਤਪਾਲ ਸਿੰਘ ਨੂੰ ਹੀ ਗ੍ਰਿਫਤਾਰ ਕੀਤਾ ਹੈ, ਜਦੋਂ ਕਿ ਜਖਮੀ ਲੋਕਾਂ ਦੇ ਪਰਿਵਾਰਕ ਮੈਂਬਰ ਹੋਰ ਦੋਸ਼ੀਆਂ ਦੀ ਗ੍ਰਿਫਤਾਰੀ ਦੀ ਮੰਗ ਕਰ ਰਹੇ ਹਨ। ਇਸ ਮੌਕੇ ਜਖਮੀਂ ਦਲਜੀਤ ਸਿੰਘ ਗਿੱਲ ਦੇ ਵੱਡੇ ਭਰਾ ਮਨਜੀਤ ਸਿੰਘ ਨੇ ਕਿਹਾ ਕਿ ਇਹ ਗੁੰਡੇ ਲੋਕ ਪਾਰਟੀ ਵਿੱਚ ਹਥਿਆਰਾਂ ਨਾਲ ਲੈਸ ਹੋਕੇ ਸਿਰਫ਼ ਲੜਨ ਦੇ ਮਨਸੂਬੇ ਨਾਲ ਆਏ ਸਨ ਇਹਨਾਂ ਮੂਹਰੇ ਜਿਹੜਾ ਵੀ ਕੋਈ ਛੜਾਉਣ ਲਈ ਅੱਗੇ ਆਇਆ ਬੱਚਾ, ਬੁੱਢਾ, ਔਰਤ ਇਹਨਾਂ ਨੇ ਕਿਸੇ ਨੂੰ ਨਹੀਂ ਬਖਸ਼ਿਆ। ਦਲਜੀਤ ਗਿੱਲ ਦੀ ਚਚੇਰੀ ਭੈਣ ਹੈਪੀ ਗਿੱਲ ਨੇ ਕਿਹਾ ਕਿ ਦਲਜੀਤ ਦੀ ਹਾਲਤ ਨਾਜੁਕ ਹੋਣ ਕਰਕੇ ਬੱਚਿਆਂ ਲਈ ਉਹਨੂੰ ਸਾਭਣਾਂ ਔਖਾ ਹੈ ਇਸ ਕਰਕੇ ਸਾਡੇ ਚੋਂ ਕੋਈ ਨਾ ਕੋਈ ਚੌਵੀ ਘੰਟੇ ਉਹਦੇ ਬੈਡ ਕੋਲ ਹਸਪਤਾਲ ਵਿੱਚ ਬੈਠਾ ਰਹਿੰਦਾ ਹੈ। ਦਲਜੀਤ ਦੀ ਗੋਰੀ ਗੁਆਢੰਣ ਜੋ ਡੰਕਨ ਨੇ ਕਿਹਾ ਕਿ ਗਿੱਲ ਫੈਮਲੀ ਬਹੁਤ ਮਿਹਨਤੀ ਤੇ ਮਿਲਣਸਾਰ ਪਰਿਵਾਰ ਹੈ ਅਤੇ ਉਹਨੂੰ ਯਕੀਨ ਨਹੀਂ ਆਉਦਾ ਕਿ ਐਨੇ ਅੱਛੇ ਪਰਿਵਾਰ ਨਾਲ ਇਹ ਭਾਣਾ ਵਰਤ ਗਿਆ ਹੈ। ਪੁਲਿਸ ਨੇ ਕਿਹਾ ਕਿ ਇਹ ਕੇਸ ਹਾਲੇ ਤਫਤੀਸ਼ ਤਹਿਤ ਹੈ ਅਤੇ ਹੋ ਸਕਦਾ ਹੋਰ ਗ੍ਰਿਫਤਾਰੀਆਂ ਵੀ ਹੋ ਸਕਣ।

# ਬਸਪਾ ਵਲੋਂ ਕੇਂਦਰ ਸਰਕਾਰ, ਯੂ.ਪੀ.ਸਰਕਾਰ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਪੁਤਲੇ ਫੂਕ ਕੇ ਕੀਤਾ ਜਬਰਦਸਤ ਰੋਸ ਮੁਜਾਹਰਾ

**ਫਗਵਾੜਾ ( ਬੀ. ਕੇ. ਰੱਤੂ )–** ਬਹੁਜਨ ਸਮਾਜ ਪਾਰਟੀ ਤਹਿਸੀਲ ਫਗਵਾੜਾ ਵਲੋਂ ਕੇਂਦਰ ਸਰਕਾਰ, ਯੂ.ਪੀ. ਸਰਕਾਰ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਪੁਤਲੇ ਫੂਕ ਕੇ ਜਬਰਦਸਤ ਰੋਸ ਮੁਜਾਹਰਾ ਕੀਤਾ ਗਿਆ। ਸਮੂਹ ਬਸਪਾ ਵਰਕਰ ਸਥਾਨਕ ਰੈਸਟ ਹਾਉਸ ਵਿਖੇ ਇਕੱਤਰ ਹੋਏ ਜਿੱਥੇ ਵਿਸ਼ੇਸ਼ ਤੌਰ ਤੇ ਮਹੰਤ ਪੁਰਸ਼ੋਤਮ ਲਾਲ ਚੱਕ ਹਕੀਮ, ਰਮੇਸ਼ ਕੌਲ ਇੰਚਾਰਜ ਬਸਪਾ ਜਿਲ੍ਹਾ ਕਪੂਰਥਲਾ, ਪਰਵੀਨ ਬੰਗਾ ਜੋਨ ਇੰਚਾਰਜ ਜਲੰਧਰ, ਬੀਬੀ ਰਚਨਾ ਦੇਵੀ ਇੰਚਾਰਜ ਮਹਿਲਾ ਵਿੰਗ ਪੰਜਾਬ, ਕੁਲਦੀਪ ਭੱਟੀ ਜਨਰਲ ਸਕੱਤਰ ਕਪੂਰਥਲਾ, ਚਿਰੰਜੀ ਲਾਲ ਪ੍ਰਧਾਨ ਫਗਵਾੜਾ, ਮਾਸਟਰ ਹਰਭਜਨ ਸਿੰਘ ਬਲਾਲੋਂ ਸੀਨੀਅਰ ਆਗੂ, ਮੈਡਮ ਪੁਸ਼ਪਿੰਦਰ ਕੌਰ ਪ੍ਰਧਾਨ ਮਹਿਲਾ ਵਿੰਗ ਫਗਵਾੜਾ ਹਰਭਜਨ ਖਲਵਾੜਾ ਜਿਲ੍ਹਾ ਪਰੀਸ਼ਦ ਮੈਂਬਰ, ਹਲਕਾ ਇੰਚਾਰਜ ਸੁਰਿੰਦਰ ਢੰਡਾ, ਪਰਮਜੀਤ ਖਲਵਾੜਾ ਮੈਂਬਰ ਜਿਲ੍ਹਾ ਸ਼ਿਕਾਇਤ ਨਿਵਾਰਣ ਕਮੇਟੀ ਸ਼ਾਮਲ ਹੋਏ। ਸਮੂਹ ਮੈਂਬਰ ਰੋਸ ਮੁਜਾਹਰਾ ਅਤੇ ਨਾਅਰੇਬਾਜੀ ਕਰਦੇ ਹੋਏ ਹਰਗੋਬਿੰਦ ਨਗਰ ਚੌਕ ਪੁੱਜੇ ਜਿੱਥੇ ਪੁਤਲੇ ਫੂਕਣ ਤੋਂ ਬਾਅਦ ਵੱਖ ਵੱਖ ਆਗੂਆਂ ਨੇ ਕਿਹਾ ਕਿ ਕੇਂਦਰ ਦੀ ਮੋਦੀ ਅਤੇ ਯੂ.ਪੀ. ਦੀ ਯੋਗੀ ਸਰਕਾਰ ਦੇ ਰਾਜ ਵਿਚ



ਦਲਿਤਾਂ ਉਪਰ ਅਤਿਆਚਾਰ ਬਹੁਤ ਵਧਿਆ ਹੈ ਜਿਸਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਇਸ ਤੋਂ ਬਾਅਦ ਬਸਪਾ ਦਾ ਇਹ ਕਾਫਿਲਾ ਐਸ.ਡੀ.ਐਮ. ਦਫਤਰ ਫਗਵਾੜਾ ਪੁੱਜਾ ਜਿੱਥੇ ਐਸ.ਡੀ.ਐਮ. ਜਯੋਤੀ ਬਾਲਾ ਨੂੰ ਇਕ ਮੰਗ ਪੱਤਰ ਵੀ ਦਿੱਤਾ ਗਿਆ। ਜਿਸ ਵਿਚ ਸਹਾਰਨਪੁਰ ਵਿਖੇ ਦਲਿਤਾਂ ਅਤੇ ਠਾਕਰਾਂ ਵਿਚ ਹੋਏ ਸੰਘਰਸ਼ ਦੀ ਨਿਰਪੱਖ ਜਾਂਚ ਕਰਵਾਉਣ ਦੀ ਮੰਗ ਕੀਤੀ ਗਈ।

ਰਮੇਸ਼ ਕੌਲ ਨੇ ਕਿਹਾ ਕਿ ਸਹਾਰਨਪੁਰ ਸਮੇਤ ਦੇਸ਼ ਦੇ ਵੱਖ ਵੱਖ ਹਿੱਸਿਆਂ ਵਿਚ ਜਿੱਥੇ ਵੀ ਭਾਜਪਾ ਦੀਆਂ ਸਰਕਾਰਾਂ ਹਨ ਉੱਥੇ ਦਲਿਤਾਂ ਨਾਲ ਧੱਕੇਸ਼ਾਹੀ ਅਤੇ ਅਤਿਆਚਾਰ ਹੋ ਰਿਹਾ ਹੈ ਜਿਸਨੂੰ ਕਿਸੇ ਕੀਮਤ ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਹਨਾਂ ਸਮੂਹ ਦਲਿਤ ਸਮਾਜ ਨੂੰ ਬਸਪਾ ਦੇ ਪਲੇਟਫਾਰਮ ਤੇ ਇਕੱਠੇ ਹੋ ਕੇ ਇਨਸਾਫ ਦੀ ਲੜਾਈ ਲੜਨ ਲਈ ਪ੍ਰੇਰਿਤ ਵੀ ਕੀਤਾ। ਇਸ ਮੌਕੇ ਡਾ. ਸਤੀਸ਼ ਸੁਮਨ, ਸੰਤੋਖ ਲਾਲ ਢੱਡਾ, ਪਰਮਿੰਦਰ ਪਲਾਹੀ, ਤਰਸੇਮ ਲਾਲ ਪੱਪੂ, ਡਾ. ਮੋਹਨ ਲਾਲ ਬਿੱਟੂ, ਸੁਰਜੀਤ ਭੁੱਲਾਰ-ਾਈ, ਦੇਸਰਾਜ ਝੱਲੀ, ਦੇਸਰਾਜ ਬਲਾਕ ਸੰਮਤੀ ਮੈਂਬਰ, ਪਰਮਜੀਤ ਬਿੱਲਾ ਕੋਟਰਾਣੀ, ਪਿਆਰਾ ਸੰਧੂ ਕੋਟਰਾਣੀ, ਕਾਲਾ ਪ੍ਰਭਾਕਰ, ਚਰਨਜੀਤ ਜੱਖੂ, ਕੁਲਵਿੰਦਰ ਕੈਂਥ, ਭੂਪ ਲਾਲ ਭਾਣੋਕੀ, ਮੋਹਨ ਲਾਲ, ਸੰਜੀਵ ਸ਼ਰਮਾ, ਲੈਂਬਰ ਬਲਾਲੋਂ, ਮਨਜੀਤ ਲਾਲ, ਬੰਟੀ, ਰਾਮ ਮੂਰਤੀ ਖੇੜਾ, ਚਰਨਦਾਸ ਜੱਸਲ, ਬੀਬੀ ਸੀਮਾ ਦੇਵੀ, ਬੀਬੀ ਜਸਵਿੰਦਰ ਕੌਰ, ਸਵਰਨ ਕੌਰ, ਸਤਿਆ ਦੇਵੀ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿਚ ਬਸਪਾ ਵਰਕਰ ਹਾਜਰ ਸਨ।

# ਭਾਰਤ ਨੂੰ 180 ਦੌੜਾਂ ਨਾਲ ਹਰਾ ਕੇ ਪਾਕਿਸਤਾਨ ਬਣਿਆ ਚੈਂਪੀਅਨ

**ਲੰਡਨ–** ਫਖ਼ਰ ਜਮਾਨ ਦੇ ਸੈਂਕੜੇ ਅਤੇ ਮੁਹੰਮਦ ਆਮਿਰ ਦੀ ਬਿਹਤਰੀਨ ਗੇਂਦਬਾਜ਼ੀ ਦੀ ਬਦੌਲਤ ਪਾਕਿਸਤਾਨ ਅੱਜ ਇਥੇ ਰਵਾਇਤੀ ਵਿਰੋਧੀ ਭਾਰਤ ਨੂੰ 180 ਦੌੜਾਂ ਨਾਲ ਹਰਾ ਕੇ ਚੈਂਪੀਅਨਜ਼ ਟਰਾਫ਼ੀ ਜਿੱਤ ਲਈ। ਪਾਕਿਸਤਾਨ ਦੀ ਇਹ 2009 ਟੀ ਟਵੰਟੀ ਵਿਸ਼ਵ ਕੱਪ ਤੋਂ ਬਾਅਦ ਤੀਜੀ ਵੱਡੀ ਖ਼ਿਤਾਬੀ ਜਿੱਤ ਹੈ। ਉਸ ਦਾ 50 ਓਵਰਾਂ ਦੇ ਕ੍ਰਿਕਟ ਮੈਚ ਵਿੱਚ ਦੂਜਾ ਆਈਸੀਸੀ ਖ਼ਿਤਾਬ ਹੈ। ਇਸ ਜਿੱਤ ਤੋਂ ਬਾਅਦ ਉਸ ਨੇ ਵੱਡੇ ਮੈਚਾਂ ਵਿੱਚ ਭਾਰਤ ਖ਼ਿਲਾਫ਼ ਚੰਗਾ ਪ੍ਰਦਰਸ਼ਨ ਨਾ ਕਰ ਸਕਣ ਦੇ ਬਣੇ ਅਕਸ ਨੂੰ ਤੋੜ ਦਿੱਤਾ।

ਭਾਰਤ ਨੇ ਪਹਿਲਾਂ ਟਾਸ ਜਿੱਤ ਕੇ ਫੀਲਡਿੰਗ ਕਰਨ ਦਾ ਫੈਸਲਾ ਕੀਤਾ ਜੋ ਗਲਤ ਸਾਬਤ ਹੋਇਆ। ਭਾਰਤ ਦੀ ਲੱਚਰ ਗੇਂਦਬਾਜ਼ੀ ਅਤੇ ਅੰਤ ਵਿੱਚ ਬੱਲੇਬਾਜ਼ਾਂ ਦੇ ਸ਼ਰਮਨਾਕ ਪ੍ਰਦਰਸ਼ਨ ਨਾਲ ਭਾਰਤੀ ਟੀਮ ਕਿਸੇ ਤਰ੍ਹਾਂ ਵੀ ਮੁਕਾਬਲੇ ਵਿੱਚ ਨਜ਼ਰ ਨਹੀਂ ਆਈ ਅਤੇ ਉਸ ਨੂੰ ਕਿਸੇ ਆਈਸੀਸੀ ਟੂਰਨਾਮੈਂਟ ਦੇ ਫਾਈਨਲ ਵਿੱਚ ਪਹਿਲੀ ਵਾਰ ਪਾਕਿਸਤਾਨ ਹੱਥੋਂ ਸ਼ਿਕਸਤ ਝੱਲਣੀ ਪਈ ਹੈ।

ਪਾਕਿਸਤਾਨੀ ਦੀ ਜਿੱਤ ਦਾ ਹੀਰੋ ਸਲਾਮੀ ਬੱਲੇਬਾਜ਼ ਫਖ਼ਰ ਜ਼ਮਾਨ ਰਿਹਾ ਜਿਸਨੇ 106 ਗੇਂਦਾਂ ’ਤੇ 12 ਚੌਕਿਆਂ ਅਤੇ ਤਿੰਨ ਛੱਕਿਆਂ ਦੀ ਬਦੌਲਤ 114 ਦੌੜਾਂ ਬਣਾਈਆਂ। ਉਸ ਨੇ ਆਪਣੇ ਕਰੀਅਰ ਦਾ ਪਹਿਲਾ ਸੈਂਕੜਾ ਮਾਰਿਆ ਅਤੇ ਚਾਰ ਵਿਕਟਾਂ ’ਤੇ ਟੀਮ ਨੂੰ 338 ਦੌੜਾਂ ਦੇ ਮਜ਼ਬੂਤ ਸਕੋਰ ਤਕ ਪਹੁੰਚਾਇਆ। ਉਸ ਨੇ ਅਜ਼ਹਰ ਅਲੀ ਨਾਲ (59) ਪਹਿਲੀ ਵਿਕਟ ਲਈ 128 ਦੌੜਾਂ ਦੀ ਭਾਈਵਾਲੀ ਕੀਤੀ। ਇਸ ਤੋਂ ਬਾਅਦ ਮੁਹੰਮਦ ਹਫੀਜ਼ (ਨਾਬਾਦ) 57, ਬਾਬਰ ਆਜ਼ਮ ਨੇ 46 ਅਤੇ ਇਮਾਦ ਵਸੀਮ (ਨਾਬਾਦ) 25 ਨੇ ਵੀ ਲੋੜੀਂਦਾ ਸਹਿਯੋਗ ਦਿੱਤਾ। ਭਾਰਤੀ ਟੀਮ ਇਸ ਦੇ ਜਵਾਬ ਵਿੱਚ 30.3 ਓਵਰਾਂ ਵਿੱਚ 158 ਦੌੜਾਂ ’ਤੇ ਢੇਰ ਹੋ ਗਈ। ਭਾਰਤ ਨੂੰ 150 ਤੋਂ ਪਾਰ ਪਹੁੰਚਾਉਣ ਦਾ ਸਿਹਰਾ ਹਾਰਦਿਕ ਪੰਡਿਆ ਨੂੰ ਜਾਂਦਾ ਹੈ। ਉਸ ਨੇ 43 ਗੇਂਦਾਂ ’ਤੇ ਚਾਰ ਚੌਕਿਆਂ ਅਤੇ ਛੇ ਛੱਕਿਆਂ ਦੀ ਮਦਦ ਨਾਲ 76 ਦੌੜਾਂ ਬਣਾਈਆਂ।



ਮੁਹੰਮਦ ਆਮਿਰ ਨੇ ਭਾਰਤੀ ਪਾਰੀ ਦਾ ਅੰਤ ਕੀਤਾ। ਉਸ ਨੇ 16 ਦੌੜਾਂ ਦੇ ਕੇ ਤਿੰਨ ਵਿਕਟਾਂ ਲਈ। ਹਸਨ ਅਲੀ ਅਤੇ ਸ਼ਾਦਾਬ ਖਾਨ ਨੇ ਦੋ ਦੋ ਵਿਕਟਾਂ ਲਈਆਂ। ਆਮਿਰ ਨੇ ਭਾਰਤ ਦੇ ਸਿਖਰਲੇ ਕ੍ਰਮ ਨੂੰ ਬੁਰੀ ਤਰ੍ਹਾਂ ਨੁਕਸਾਨ ਪਹੁੰਚਾਇਆ। ਉਸ ਨੇ ਪਹਿਲੇ ਤਿੰਨ ਓਵਰਾਂ ਵਿੱਚ ਰੋਹਿਤ ਸ਼ਰਮਾ, ਕਪਤਾਨ ਕੋਹਲੀ ਦੇ ਵਿਕਟ ਲਏ। ਰੋਹਿਤ ਟੰਗ ਅੜਿੱਕਾ ਆਊਟ ਹੋਇਆ। ਭਾਰਤੀ ਗੇਂਦਬਾਜ਼ਾਂ ਨੇ ਸ਼ੁਰੂਆਤੀ ਤਿੰਨ ਓਵਰ ਚੰਗੇ ਸੁੱਟੇ, ਪਰ ਮਗਰੋਂ ਫਖ਼ਰ ਅਤੇ ਅਜ਼ਹਰ ਦੀ ਭਾਈਵਾਲੀ ਨੇ ਭਾਰਤੀ ਗੇਂਦਬਾਜਾਂ ਦੇ ਹੌਸਲੇ ਭੰਨ ਦਿੱਤੇ। ਭਾਰਤ ਦੇ ਦੋਵੇਂ ਸਪਿੰਨਰ ਮਹਿੰਗੇ ਸਾਬਤ ਹੋਏ। ਉਨ੍ਹਾਂ ਨੂੰ ਕੋਈ ਵਿਕਟ ਨਹੀਂ ਮਿਲਿਆ।

ਰਵੀਚੰਦਰਨ ਅਸ਼ਵਿਨ ਨੇ 10 ਓਵਰਾਂ ਵਿੱਚ 70, ਜਡੇਜਾ ਨੇ 8 ਓਵਰਾਂ ਵਿੱਚ 67, ਬੁਮਰਾਹ ਨੇ ਨੌਂ ਓਵਰਾਂ ਵਿੱਚ 68 ਅਤੇ ਭੁਵਨੇਸ਼ਵਰ ਨੇ 10 ਓਵਰਾਂ ਵਿੱਚ 44 ਦੌੜਾਂ ਦੇ ਦੇ ਕੇ ਇਕ ਵਿਕਟ ਲਿਆ। ਪੰਡਿਆ ਨੇ 10 ਓਵਰਾਂ ਵਿੱਚ 53 ਦੌੜਾਂ ਦੇ ਕੇ ਇਕ ਵਿਕਟ ਲਿਆ। ਕੇਦਾਰ ਜਾਧਵ ਨੇ ਤਿੰਨ ਓਵਰਾਂ ਵਿੱਚ 27 ਦੌੜਾਂ ਦੇ ਕੇ ਇਕ ਵਿਕਟ ਲਿਆ।

### ਕਿਕਟ: ਸ਼ਿਖਰ ਨੂੰ ਸੋਨੇ ਦਾ ਬੱਲਾ; ਹਸਨ ਨੂੰ ਸੋਨੇ ਦੀ ਗੇਂਦ

ਭਾਰਤ ਦੇ ਸ਼ਿਖਰ ਧਵਨ ਨੂੰ ਸਭ ਤੋਂ ਵਧ 338 ਦੌੜਾਂ ਬਣਾਉਣ ਲਈ ਗੋਲਡਨ ਬੈਟ ਦਾ ਐਵਾਰਡ ਮਿਲਿਆ। ਉਸ ਨੇ ਸਾਬਕਾ ਆਸਟਰੇਲਿਆਈ ਕਪਤਾਨੀ ਰਿਕੀ ਪੌਂਟਿੰਗ ਨੇ ਗੋਲਡਨ ਬੈਟ ਦਾ ਐਵਾਰਡ ਦਿੱਤਾ।

ਪਾਕਿਸਤਾਨ ਦੇ ਤੇਜ਼ ਗੇਂਦਬਾਜ਼ ਹਸਨ ਅਲੀ ਨੂੰ ਟੂਰਨਾਮੈਂਟ ਵਿੱਚ ਸਭ ਤੋਂ ਵਧ 13 ਵਿਕਟਾਂ ਲਈ ਗੋਲਡਨ ਬਾਲ ਇਨਾਮ ਮਿਲਿਆ, ਜੋ ਸਾਬਕਾ ਕਪਤਾਨ ਸੌਰਭ ਗਾਂਗੁਲੀ ਨੇ ਦਿੱਤਾ। ਹਸਨ ਨੂੰ ਉਸ ਦੀ ਸ਼ਾਨਦਾਰ ਗੇਂਦਬਾਜ਼ੀ ਲਈ ਮੈਨ ਆਫ ਦੀ ਮੈਚ ਟੂਰਨਾਮੈਂਟ ਦਾ ਇਨਾਮ ਮਿਲਿਆ। ਫਾਈਨਲ ਵਿੱਚ ਸ਼ਾਮਲ ਸੈਂਕੜਾ ਬਣਾਉਣ ਵਾਲੇ ਫਖ਼ਰ ਜਮਾਨ ਨੂੰ ਮੈਨ ਆਫ ਦਿ ਮੈਚ ਪੁਰਸਕਾਰ ਮਿਲਿਆ।

## ਪਹਿਲਾਂ ਹੀ ਤਹਿ ਸੀ ਟੀਮ ਇੰਡੀਆ ਦੀ ਹਾਰ!

ਜਿੱਥੇ ਐਤਵਾਰ ਨੂੰ ਖੇਡੇ ਗਏ ਆਈ. ਸੀ. ਸੀ. ਚੈਂ-ਪੀਅਨਸ ਟਰਾਫੀ ਦੇ ਫਾਈਨਲ ਵਿਚ ਪੁਰਾਣੇ ਵਿਰੋਧੀ ਪਾਕਿਸਾਨ ਹੱਥੋਂ ਮਿਲੀ 180 ਦੌੜਾਂ ਦੀ ਕਰਾਰੀ ਹਾਰ ਦੇ ਨਾਲ ਖਿਤਾਬ ਗੁਆਉਣ ਤੋਂ ਭਾਰਤੀ ਪ੍ਰਸ਼ੰਸਕ ਕਾਫੀ ਨਿਰਾਸ਼ ਹਨ, ਉਥੇ ਹੀ ਇਕ ਹੈਰਾਨ ਕਰਨ ਵਾਲਾ ਤੱਥ ਸਾਹਮਣੇ ਆਇਆ, ਜਿਸ ਤੋਂ ਲੱਗਦਾ ਹੈ ਕਿ ਟੂਰਨਾਮੈਂਟ ਵਿਚ ਪਹਿਲਾਂ ਤੋਂ ਹੀ ਤਹਿ ਸੀ ਕਿ ਹਿੜੀ ਟੀਮ ਫਾਈਨਲ ਵਿਚ ਪਹੁੰਚੇਗੀ ਤੇ ਖਿਤਾਬ ਆਪਣੇ ਨਾਂ ਕਰੇਗੀ ਅਤੇ ਨਾਲ ਹੀ ਫਾਈਨਲ ਵਿਚ ਟੀਮ ਇੰਡੀਆ ਦਾ ਹਾਰ ਜਾਣਾ ਵੀ ਤਹਿ ਸੀ।

ਪ੍ਰਾਪਤ ਜਾਣਕਾਰੀ ਮੁਤਾਕ ਤਕਰੀਬਨ 2 ਹਜ਼ਾਰ ਕਰੋੜ ਦਾ ਸੱਟਾ ਇਸ ਮੈਚ ਤੇ ਲੱਗਾ ਸੀ ਤੇ ਭਾਰਤ ਦੀ ਹਾਰ ’ਤ ਬੁਕੀਆਂ ਨੂੰ ਫਾਇਦਾ ਪਹੁੰਚਿਆ। ਭਾਰਤ ਦੀ ਜਿੱਤ ਤੇ 100 ਰੁਪਏ ਬਦਲੇ 147 ਰੁਪਏ ਦਾ ਭਾ ਸੀ ਜਦਕਿ ਪਾਕਿਸਤਾਨ ਦੀ ਜਿੱਤ ਤੇ 100 ਦੇ ਬਦਲੇ 300 ਰੁਪਏ ਦਾ ਭਾਅ ਚੱਲ ਰਿਹਾ ਸੀ।

ਇਕ ਅਜਿਹਾ ਵੀ ਤੱਥ ਸਾਹਮਣੇ ਆਇਆ ਕਿ ਕਿਸੇ ਡੀ. ਕੇ. ਨਾਂ ਦੇ ਵਿਅਕਤੀ ਦਾ ਵਟਸਐਪ ਹੈ, ਜਿਸ ਤੋਂ ਇਹ ਸਿੱਧ ਹੁੰਦਾ ਹੈ ਕਿ ਮੈਚ ਤੋਂ ਪਹਿਲਾਂ ਹੀ ਤਹਿ ਸੀ ਕਿ ਕੌਣ ਟਾਸ ਜਿੱਤ ਰਿਹਾ ਹੈ, ਕਿਹੜੀ ਟੀਮ ਬੱਲੇਬਾਜ਼ੀ ਕਰੇਗੀ। ਪਹਿਲਾਂ ਬੱਲੇਬਾਜ਼ੀ ਕਰਦਿਆਂ ਕਿੰਨਾ ਸਕੋਰ ਬਣਾਏਗੀ।

ਜਡੇਜਾ ਸਭ ਤੋਂ ਵੱਧ ਦੌੜਾਂ ਦੇਵੇਗਾ ਤੇ ਹਾਰਦਿਕ ਪੰਡਯਾ ਟੀਮ ਇੰਡੀਆ ਦਾ ਟਾਪ ਸਕੋਰਰ ਰਹਿੰਦਿਆਂ ਰਨ ਆਊਟ ਹੋਵੇਗਾ। ਹਾਲਾਂਕਿ ਇਹ ਪਤਾ ਨਹੀਂ ਲੱਗ ਸਕਿਆ ਕਿ ਇਹ ਡੀ. ਕੇ. ਨਾਂ ਦਾ ਵਿਅਕਤੀ ਕੌਣ ਹੈ।


# ਸ੍ਰੀ ਗੁਰੂ ਰਵਿਦਾਸ ਮਹਾਰਾਜ ਦੇ ਜਯੋਤੀ ਜੋਤ ਸਮਾਉਣ ਦਿਵਸ ਦੇ ਸਬੰਧ ਵਿਚ ਧਾਰਮਿਕ ਸਮਾਗਮ ਅਤੇ 120ਵਾਂ ਸਲਾਨਾ ਜੋੜ ਮੇਲਾ ਮਨਾਇਆ

**ਫਗਵਾੜਾ ( ਬੀ. ਕੇ. ਰੱਤੂ )–** ਇਤਿਹਾਸਕ ਦੇਹਰਾ ਸ੍ਰੀ ਗੁਰੂ ਰਵਿਦਾਸ ਮੰਦਰ ਚੱਕ ਹਕੀਮ ਜੀ.ਟੀ. ਰੋਡ ਫਗਵਾੜਾ ਵਿਖੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਦੇ ਜਯੋਤੀ ਜੋਤ ਸਮਾਉਣ ਦਿਵਸ ਦੇ ਸਬੰਧ ਵਿਚ ਧਾਰਮਿਕ ਸਮਾਗਮ ਅਤੇ 120ਵਾਂ ਸਲਾਨਾ ਜੋੜ ਮੇਲਾ ਗੱਦੀ ਨਸ਼ੀਨ ਮਹੰਤ ਪੁਰਸ਼ੋਤਮ ਲਾਲ ਅਤੇ ਟਿੱਕਾ ਜਤਿੰਦਰ ਕੁਮਾਰ ਦੀ ਅਗਵਾਈ ਹੇਠ ਮਾਤਾ ਕਲਸਾ, ਪਿਤਾ ਸੰਤੋਖ ਦਾਸ ਮੈਮਰੀਅਲ ਸੁਸਾਇਟੀ ਪੰਜਾਬ, ਮਹੰਤ ਹੀਰਾ ਦਾਸ ਸੇਵਾ ਸੰਮਤੀ ਚੱਕ ਹਕੀਮ ਅਤੇ ਦੇਸ਼-ਵਿਦੇਸ਼ ਦੀਆਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨ-ਾਇਆ ਗਿਆ। ਪਹਿਲੇ ਦਿਨ ਨਿਸ਼ਾਨ ਸਾਹਿਬ ਦੀ ਰਸਮ ਅਤੇ ਰਾਤ ਸਮੇਂ ਮਹਿਫਿਲ ਏ ਕਵਾਲ ਸਜਾਈ ਗਈ। ਦੂਸਰੇ ਦਿਨ ਸ੍ਰੀ ਗੁਰੂ ਰਵਿਦਾਸ ਦੀਪ ਗ੍ਰੰਥ ਦੇ ਪਾਠ ਦੇ ਭੋਗ ਉਪਰੰਤ ਧਾਰਮਿਕ ਸਟੇਜ ਸਜਾਈ ਗਈ ਜਿਸ ਵਿਚ ਕਮਲ ਖਾਨ, ਬੂਟਾ ਮੁਹੰਮਦ, ਰਣਜੀਤ ਰਾਣਾ, ਗੁਰਬਖਸ਼ ਸ਼ੌਂਕੀ, ਕੁਲਦੀਪ ਤੂਰ, ਨਜਮਾ, ਰਾਜਨ ਮੱਟੂ, ਮੋਨੂੰ ਮਹਿਤਾਬ, ਲਵਪ੍ਰੀਤ ਲਵ, ਮਨਜੀਤ ਜੀਤੀ, ਪ੍ਰੇਮ ਸਾਗਰ, ਅਸ਼ੋਕ ਬੰਗਾ, ਕੁਲਵਿੰਦਰ ਕਿੰਦਾ, ਪ੍ਰੋ. ਰਾਮਪਾਲ ਬੰਗਾ, ਰਮੇਸ਼ ਚੌਹਾਨ, ਦਲਬੀਰ ਹਰੀਪੁਰੀਆ ਅਤੇ ਰਾਜਾ ਸਾਬਰੀ ਨੇ ਸੰਗਤਾਂ ਨੂੰ ਧਾਰਮਿਕ ਗੀਤਾਂ ਰਾਹੀਂ ਨਿਹਾਲ ਕੀਤਾ। ਇਸ ਮੋਕੇ ਵੱਖ-ਵੱਖ ਡੇਰਿਆਂ ਦੇ ਸੰਤ ਮਹਾਪੁਰਸ਼ਾਂ ਨੇ ਸੰਗਤਾਂ ਨੂੰ ਆਸ਼ੀਰਵਾਦ ਦਿੱਤਾ ਅਤੇ ਗੁਰੂ ਮਹ-ਾਰਾਜ ਦੇ ਦਰਸਾਏ ਮਾਰਗ ਤੇ ਚੱਲਣ ਲਈ ਪ੍ਰੇਰਿਆ। ਪ੍ਰਬੰਧਕਾਂ ਵਲੋਂ ਮੁੱਖ ਮਹਿਮਾਨਾਂ ਅਤੇ ਪਤਵੰਤਿਆਂ ਨੂੰ ਸਨਮਾਨਤ ਵੀ ਕੀਤਾ ਗਿਆ। ਇਸ ਮੌਕੇ ਸੰਤ ਜਸਵੰਤ ਦਾਸ, ਰਾਵਲਪਿੰਡੀ, ਸੰਤ ਚਰਨਜੀਤ ਦਾਸ ਚੱਕ ਹਕੀਮ, ਸੰਤ ਗੁਰਮੀਤ ਦਾਸ ਮੋਰੋਂ, ਸੰਤ ਰਾਣਾ ਦਾਸ, ਸੰਤ ਅਵਤਾਰ ਦਾਸ ਤਰਨਤਾਰਨ, ਮਹੰਤ ਕ੍ਰਿਪਾਲ ਦਾਸ, ਗਿਆਨ ਚੰਦ ਪ੍ਰਧਾਨ ਸਮਾਜ ਬਚਾਓ ਮੋਰਚਾ ਤੋਂ ਇਲਾਵਾ ਡਾ. ਸਤੀਸ਼ ਸੁਮਨ ਪ੍ਰਧਾਨ ਗੁਰੂ ਰਵਿਦਾਸ ਫੋਰਸ, ਹਰਮੇਲ ਚੰਦ ਸਰਪੰਚ, ਕੁਲਵਿੰਦਰ ਕੁਮਾਰ ਪੰਚਾਇਤ ਮੈਂਬਰ, ਪਰਮਜੀਤ ਸਿੰਘ ਪੰਚਾਇਤ ਮੈਂਬਰ, ਵਿਜੇ ਕੁਮਾਰ ਸਾਬਕਾ ਪੰਚ, ਰਾਜਿੰਦਰ ਸਿੰਘ, ਭਜਨ ਸਿੰਘ ਲੰਬੜਦਾਰ, ਪਰਮਜੀਤ ਬੰਗੜ ਲੰਬੜਦਾਰ, ਐਸ.ਡੀ.ਓ. ਲਾਲ ਜੀ, ਗੁਰਿੰਦਰ ਸਿੰਘ ਚੀਫ ਸੈਨੇਟਰੀ ਅਫਸਰ ਨਗਰ ਨਿਗਮ ਫਗਵਾੜਾ, ਰਮਨ ਕੁਮਾਰ ਸੈਨੇਟਰੀ ਅਫਸਰ ਫਗਵਾੜਾ, ਚੰਦਰੇਸ਼ ਕੌਲ ਭਾਜਪਾ ਆਗੂ, ਰੇਸ਼ਮ ਲਾਲ ਪਟਵਾਰੀ, ਡਾ. ਯਸ਼ ਬਰਨਾ ਚੇਅਰਮੈਨ ਗੁਰੂ ਰਵਿਦਾਸ ਟਾਇਗਰ ਫੋਰਸ, ਪਿਆਰਾ ਸੰਧੂ, ਬੱਬੀ ਮੇਹਟਾਂ, ਤਰਸੇਮ ਸੰਧੂ, ਸੁੱਚਾ ਸਿੰਘ ਝਿੰਗੜ, ਗੁਰਮੁਖ ਫਲਪੋਤਾ, ਰਾਣਾ ਫਲਪੋਤਾ, ਸੁਲੱਖਣ, ਫਲਪੋਤਾ, ਗੁਰਪ੍ਰੀਤ ਸਾਧਪੁਰੀ, ਪਰਮਜੀਤ ਲੋਟੀਆ, ਮੁਖਤਿਆਰ ਚਾਹਲ, ਐਡਵੋਕੇਟ ਜੀਵਨ ਮਾਹਲ, ਪ੍ਰਿੰਸੀਪਲ ਗੁਲਜਾਰ ਸਿੰਘ, ਜਗਤਾਰ ਸਿੰਘ ਮਹਿਮੀ, ਸ਼ਿਵ ਦਿਆਲ, ਕੁਲਦੀਪ ਝਿੰਗੜ, ਰਵੀ ਕੁਮਾਰ ਮੰਤਰੀ, ਲਾਲੀ ਬੰਗੜ ਤੋਂ ਇਲਾਵਾ ਵੱਡੀ ਗਿਣਤੀ ਵਿਚ ਇਲਾਕੇ ਦੀਆਂ ਪ੍ਰਮੁੱਖ ਸ਼ਖਸੀਅਤਾਂ ਵੀ ਹਾਜਰ ਸਨ।



## ਭਾਰਤੀ ਕੌਂਸਲੇਟ ਸੈਨ ਫਰਾਂਸਿਸਕੋ ਵੱਲੋਂ ਕੌਮਾਂਤਰੀ ਯੋਗਾ ਦਿਵਸ 25 ਨੂੰ ਮਨਾਇਆ ਜਾਵੇਗਾ

**ਸੈਨਫਰਾਂਸਿਸਕੋ–** ਭਾਰਤੀ ਕੌਂਸਲੇਟ ਸੈਨ ਫਰਾਂਸਿਸਕੋ ਵੱਲੋਂ ਬੇਅ-ਏਰੀਆ ਦੀਆਂ ਕਈ ਯੋਗਾ ਸੰਸਥਾਵਾਂ ਦੇ ਨਾਲ ਮਿਲ ਕੇ ਸੈਨ ਫਰਾਂਸਿਸਕੋ ਵਿਖੇ ਤੀਜਾ ਕੌਮਾਂਤਰੀ ਯੋਗਾ ਦਿਵਸ ਸੈਨ ਫਰਾਂਸਿਸਕੋ ਕਾਉਂਟੀ ਫੇਅਰ ਬਿਲਡਿੰਗ (1199, 9ਵੀ ਐਵੇਨਿਊ, ਸੈਨਫਰਾਂਸਿਸਕੋ) ਵਿਖੇ 25 ਜੂਨ 2017 ਨੂੰ ਸਵੇਰ 9.30 ਵਜੇ ਤੋਂ ਦੁਪਹਿਰ 12.30 ਵਜੇ ਤੱਕ ਮਨਾਇਆ ਜਾ ਰਿਹਾ ਹੈ। ਇਹ ਪ੍ਰੋਗਰਾਮ ਬ੍ਰਹਮ ਕੁਮਾਰੀਜ਼, ਹਾਰਟਫੁੱਲ ਇੰਸਟੀਚਿਊਟ, ਇਸਾ ਫਾਉਂਡੇਸ਼ਨ, ਹਿਦੂ ਸਵੈਮਸੇਵਕ ਸੰਘ ਯੂ. ਐਸ. ਏ., ਬਿਹਾਰ ਯੋਗਾ, ਯੋਗਾ ਅਸੈਂਟ ਅਤੇ ਯੋਗਾ ਸੁਸਾਇਟੀ ਦੇ ਸਹਿਯੋਗ ਨਾਲ ਹੋ ਰਿਹਾ ਹੈ, ਜਿਸ ਵਿਚ ਗੱਲਬਾਤ, ਯੋਗਾ, ਮੈਡੀਟੇਸ਼ਨ ਅਤੇ ਕੀਰਤਨ ਆਦਿ ਦੇ ਪ੍ਰੋਗਰਾਮ ਹੋਣਗੇ। ਕੋਈ ਵੀ ਇਸ ਪ੍ਰੋਗਰਾਮ ਵਿਚ ਸ਼ਾਮਲ ਹੋ ਸਕਦਾ ਹੈ ਅਤੇ ਆਪਣਾ ਯੋਗਾ ਮੈਟ, ਪਾਣੀ ਦੀ ਬੋਤਲ ਅਤੇ ਵਿੰਡ ਜੈਕਟ ਨਾਲ ਲਿਆਉਣੀ ਹੋਵੇਗੀ।




## ਗੁਰਦੁਆਰਾ ਸਾਹਿਬ ਫੇਅਰਫੀਲਡ ਵਿਖੇ ਸਲਾਨਾ ਸਮਾਗਮ 25 ਜੂਨ ਨੂੰ

**ਫੇਅਰਫੀਲਡ–** ਗੁਰਦੁਆਰਾ ਸਾਹਿਬ ਫੇਅਰਫੀਲਡ ਵਿਖੇ ਡਰੋਲੀ ਕਲਾਂ ਦੀ ਸਾਧ ਸੰਗਤ ਵਲੋਂ ਸ਼ਹੀਦ ਬਾਬਾ ਮਤੀ ਜੀ ਅਤੇ ਸ਼ਹੀਦ ਮੇਹਰ ਸਿੰਘ ਜੀ ਡਰੋਲੀ ਕਲਾਂ ਵਾਲਿਆਂ ਦੀ ਯਾਦ ਵਿੱਚ ਸਲਾਨਾ ਧਾਰਮਿਕ ਸਮਾਗਮ 25 ਜੂਨ ਦਿਨ ਐਤਵਾਰ ਨੂੰ ਕਰਵਾਇਆ ਜਾ ਰਿਹਾ ਹੈ। ਇਸ ਸਬੰਧੀ ਸ: ਕਰਮਜੀਤ ਸਿੰਘ ਮਿਨਹਾਸ, ਮਨਜੀਤ ਸਿੰਘ ਮਿਨਹਾਸ ਅਤੇ ਚਰਨਜੀਤ ਸਿੰਘ ਮਿਨਹਾਸ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸ਼ਹੀਦ ਬਾਬਾ ਮਤੀ ਜੀ ਅਤੇ ਮੇਹਰ ਸਿੰਘ ਜੀ ਡਰੋਲੀ ਕਲਾਂ ਵਾਲਿਆਂ ਦੀ ਬਰਸੀ ਮਨਾਈ ਜਾ ਰਹੀ ਹੈ ਜਿਸ ਦੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ ਰੱਖੇ ਸ੍ਰੀ ਸਹਿਜ ਪਾਠ ਦੇ ਭੋਗ ਸਵੇਰੇ 9 ਵਜੇ ਪਾਏ ਜਾਣਗੇ ਅਤੇ ਉਪਰੰਤ ਧਾਰਮਿਕ ਦੀਵਾਨ ਸਜਾਏ ਜਾਣਗੇ। ਜਿਸ ਵਿਚ ਰਾਗੀ ਜਥੇ ਗੁਰਬਾਣੀ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਇਸ ਮੌਕੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ। ਉਨ੍ਹਾਂ ਸਮੂਹ ਸੰਗਤਾਂ ਨੂੰ ਹੁੰਮ ਹੁੰਮਾ ਕੇ ਪੁੱਜਣ ਦੀ ਅਪੀਲ ਕੀਤੀ।

## ਕੋਵਿੰਦ ਹੋਣਗੇ ਐਨਡੀਏ ਰਾਸ਼ਟਰਪਤੀ ਲਈ ਉਮੀਦਵਾਰ

**(ਸਫਾ 1 ਦੀ ਬਾਕੀ)**

ਦਲ ਪਹਿਲਾਂ ਹੀ ਹਮਾਇਤ ਐਲਾਨ ਚੁੱਕੇ ਹਨ। ਐਨਡੀਏ ਵੱਲੋਂ ਤਿਆਰ ਨਾਮਜ਼ਦਗੀ ਦੇ ਚਾਰ ਸੈੱਟਾਂ ਵਿੱਚੋਂ ਦੋ ਦੀ ਅਗਵਾਈ ਅਕਾਲੀ ਦਲ ਦੇ ਪ੍ਰਕਾਸ਼ ਸਿੰਘ ਬਾਦਲ ਤੇ ਟੀਡੀਪੀ ਦੇ ਐਨ. ਚੰਦਰਬਾਬੂ ਨਾਇਡੂ ਨੇ ਹੀ ਕੀਤੀ ਹੈ। ਸ੍ਰੀ ਕੋਵਿੰਦ ਦੀ ਚੋਣ ਲਗਪਗ ਤੈਅ ਮੰਨੀ ਜਾ ਰਹੀ ਹੈ ਤੇ ਉਹ ਦੇਸ਼ ਦੇ 14ਵੇਂ ਤੇ ਸ੍ਰੀ ਕੇ.ਆਰ. ਨਰਾਇਣਨ ਤੋਂ ਬਾਅਦ ਦੂਜੇ ਦਲਿਤ ਰਾਸ਼ਟਰਪਤੀ ਹੋ ਸਕਦੇ ਹਨ।

ਕਾਂਗਰਸ ਨੇ ਕਿਹਾ ਕਿ ਉਸ ਵੱਲੋਂ 22 ਜੂਨ ਨੂੰ ਵਿਰੋਧੀ ਪਾਰਟੀਆਂ ਦੀ ਮੀਟਿੰਗ ਦੌਰਾਨ ਰਾਸ਼ਟਰਪਤੀ ਚੋਣ ਲੜਨ ਬਾਰੇ ਫ਼ੈਸਲਾ ਕੀਤਾ ਜਾਵੇਗਾ। ਭਾਜਪਾ ਉਤੇ 'ਇਕਪਾਸੜ ਫ਼ੈਸਲਾ' ਲੈਣ ਦਾ ਦੋਸ਼ ਲਾਉਂਦਿਆਂ ਪਾਰਟੀ ਆਗੂ ਗ਼ੁਲਾਮ ਨਬੀ ਆਜ਼ਾਦ ਨੇ ਕਿਹਾ ਕਿ ਯੂਪੀ ਦੇ ਸਹਾਰਨਪੁਰ ਵਿੱਚ ਪਿਛਲੇ ਦਿਨੀਂ ਦਲਿਤਾਂ ਉਤੇ ਹੋਏ ਜ਼ੁਲਮਾਂ ਤੋਂ ਜ਼ਾਹਰ ਹੈ ਕਿ ਭਾਜਪਾ ਨੂੰ 'ਦਲਿਤਾਂ ਦੀ ਕੋਈ ਫ਼ਿਕਰ ਨਹੀਂ' ਹੈ।

ਬਹੁਜਨ ਸਮਾਜ ਪਾਰਟੀ ਪ੍ਰਧਾਨ ਬੀਬੀ ਮਾਇਆਵਤੀ ਨੇ ਕਿਹਾ ਕਿ ਇਕ ਦਲਿਤ ਉਮੀਦਵਾਰ ਖ਼ਿਲਾਫ਼ ਉਨ੍ਹਾਂ ਦੀ ਪਾਰਟੀ ਨਾਂਹਪੱਖੀ ਸਟੈਂਡ ਨਹੀਂ ਲੈ ਸਕਦੀ। ਉਨ੍ਹਾਂ ਕਿਹਾ, ''ਸਾਡਾ ਸਟੈਂਡ (ਸ੍ਰੀ ਕੋਵਿੰਦ ਲਈ) ਹਾਂਪੱਖੀ ਹੋਵੇਗਾ, ਬਸ਼ਰਤੇ ਵਿਰੋਧੀ ਧਿਰ ਵੱਲੋਂ ਕੋਈ ਦਲਿਤ ਆਗੂ ਮੈਦਾਨ ਵਿੱਚ ਨਹੀਂ ਉਤਾਰਿਆ ਜਾਂਦਾ।'' ਉਨ੍ਹਾਂ ਕਿਹਾ ਕਿ ਜੇ ਵਿਰੋਧੀ ਧਿਰ ਕੋਈ ਵੱਧ ਮਕਬੂਲ ਦਲਿਤ ਆਗੂ ਲਿਆਉਂਦੀ ਹੈ ਤਾਂ ਪਾਰਟੀ ਵਿਚਾਰ ਕਰ ਸਕਦੀ ਹੈ। ਉਨ੍ਹਾਂ ਕਿਹਾ ਕਿ ਉਹ ਇਸ ਅਹੁਦੇ ਲਈ ਇਕ ਗ਼ੈਰਸਿਆਸੀ ਦਲਿਤ ਉਮੀਦਵਾਰ ਦੀ ਉਮੀਦ ਕਰਦੇ ਸਨ।


**ਰਾਮ ਕੋਵਿੰਦ ਵੱਲੋਂ ਅਸਤੀਫ਼ਾ**

ਬਿਹਾਰ ਦੇ ਰਾਜਪਾਲ ਰਾਮ ਨਾਥ ਕੋਵਿੰਦ ਨੇ ਅੱਜ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਹੈ। ਸੱਤਾਧਾਰੀ ਐਨਡੀਏ ਵੱਲੋਂ ਕੋਵਿੰਦ ਨੂੰ ਰਾਸ਼ਟਰਪਤੀ ਦੇ ਅਹੁਦੇ ਲਈ ਉਮੀਦਵਾਰ ਬਣਾਇਆ ਗਿਆ ਹੈ। ਰਾਸ਼ਟਰਪਤੀ ਪ੍ਰਣਬ ਮੁਖਰਜੀ ਨੇ ਉਨ੍ਹਾਂ ਦਾ ਅਸਤੀਫ਼ਾ ਮਨਜ਼ੂਰ ਕਰ ਲਿਆ ਹੈ। ਪੱਛਮੀ ਬੰਗਾਲ ਦੇ ਰਾਜਪਾਲ ਕੇਸਰੀ ਨਾਥ ਤ੍ਰਿਪਾਠੀ ਵੱਲੋਂ ਬਿਹਾਰ ਦੇ ਰਾਜਪਾਲ ਦਾ ਕੰਮ-ਕਾਜ ਵੀ ਦੇਖਿਆ ਜਾਵੇਗਾ।

ਐਨਡੀਏ ਵੱਲੋਂ ਰਾਸ਼ਟਰਪਤੀ ਦੇ ਅਹੁਦੇ ਲਈ ਉਮੀਦਵਾਰ ਰਾਮ ਨਾਥ ਕੋਵਿੰਦ ਖ਼ਿਲਾਫ਼ ਵਿਰੋਧੀ ਪਾਰਟੀਆਂ ਵੱਲੋਂ ਸਹਿਮਤੀ ਵਾਲਾ ਆਪਣਾ ਉਮੀਦਵਾਰ ਖੜ੍ਹਾ ਕੀਤਾ ਜਾ ਸਕਦਾ ਹੈ। ਇਹ ਜਾਣਕਾਰੀ ਖੱਬੇਪੱਖੀ ਪਾਰਟੀਆਂ ਵਿਚਲੇ ਸੂਤਰਾਂ ਤੋਂ ਮਿਲੀ ਹੈ। ਇਸ ਮੁੱਦੇ 'ਤੇ ਵਿਚਾਰ ਲਈ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ, ਐਨਸੀਪੀ ਪ੍ਰਧਾਨ ਸ਼ਰਦ ਪਵਾਰ ਅਤੇ ਸੀਪੀਆਈ (ਐਮ) ਦੇ ਜਨਰਲ ਸਕੱਤਰ ਸੀਤਾਰਾਮ ਯੇਚੁਰੀ ਸਮੇਤ ਗ਼ੈਰ-ਐਨਡੀਏ ਪਾਰਟੀਆਂ ਦੇ ਆਗੂਆਂ ਦੀ 22 ਜੂਨ ਨੂੰ ਮੀਟਿੰਗ ਹੋਣੀ ਹੈ।

ਸੂਤਰਾਂ ਮੁਤਾਬਕ ਵਿਰੋਧੀ ਪਾਰਟੀਆਂ ਵੱਲੋਂ ਸਿਖ਼ਰਲੇ ਸੰਵਿਧਾਨਕ ਅਹੁਦੇ ਲਈ ਸਾਬਕਾ ਲੋਕ ਸਭਾ ਸਪੀਕਰ ਮੀਰਾ ਕੁਮਾਰ, ਸਾਬਕਾ ਕੇਂਦਰੀ ਮੰਤਰੀ ਸੁਸ਼ੀਲ ਕੁਮਾਰ ਸ਼ਿੰਦੇ, ਸੀਪੀਆਈ ਦੇ ਕੌਮੀ ਸਕੱਤਰ ਡੀ ਰਾਜਾ, ਭਾਰਿਪ ਬਹੁਜਨ ਮਹਾਸੰਘ ਆਗੂ ਤੇ ਡਾ. ਬੀਆਰ ਅੰਬੇਦਕਰ ਦੇ ਪੋਤਰੇ ਪ੍ਰਕਾਸ਼ ਅਤੇ ਸੇਵਾਮੁਕਤ ਰਾਜਦੂਤ ਗੋਪਾਲ ਕ੍ਰਿਸ਼ਨ ਗਾਂਧੀ ਦੇ ਨਾਂ ਉਤੇ ਵਿਚਾਰ ਕੀਤਾ ਜਾ ਰਿਹਾ ਹੈ। ਉਨ੍ਹਾਂ ਨੇ ਦਾਅਵਾ ਕੀਤਾ ਕਿ ਭਾਜਪਾ ਵੱਲੋਂ ਕੋਵਿੰਦ ਨੂੰ ਉਮੀਦਵਾਰ ਐਲਾਨੇ ਜਾਣ ਨਾਲ 17 ਵਿਰੋਧੀ ਪਾਰਟੀਆਂ ਦੇ ਏਕੇ ਨੂੰ 'ਸੱਟ ਨਹੀਂ' ਵੱਜੀ ਹੈ। ਸੂਤਰਾਂ ਮੁਤਾਬਕ, 'ਇਹ ਬੇਹੱਦ ਅਹਿਮ ਚੋਣ ਹੈ ਅਤੇ ਸਾਨੂੰ ਸੰਵਿਧਾਨ ਦੀ ਰੱਖਿਆ ਯਕੀਨੀ ਬਣਾਉਣੀ ਪਵੇਗੀ।' ਇਸ ਦੌਰਾਨ ਸ਼ਿਵ ਸੈਨਾ ਆਗੂ ਊਧਵ ਠਾਕਰੇ ਨੇ ਕਿਹਾ ਕਿ ਉਨ੍ਹਾਂ ਵੱਲੋਂ ਐਨਡੀਏ ਉਮੀਦਵਾਰ ਕੋਵਿੰਦ ਦਾ ਸਮਰਥਨ ਕੀਤਾ ਜਾਵੇਗਾ।

ਇਸ ਦੌਰਾਨ ਸੀਪੀਆਈ ਦੇ ਜਨਰਲ ਸਕੱਤਰ ਐਸ ਸੁਧਾਕਰ ਰੈਡੀ ਨੇ ਕਿਹਾ, 'ਹਾਂ, ਅਸੀਂ ਯਕੀਨੀ ਤੌਰ 'ਤੇ ਉਮੀਦਵਾਰ ਖੜ੍ਹਾ ਕਰਾਂਗੇ। ਅਸੀਂ ਸਹਿਮਤੀ ਬਣਾਉਣ ਦਾ ਯਤਨ ਕਰ ਰਹੇ ਹਾਂ ਕਿਉਂਕਿ ਕਈ ਪਾਰਟੀਆਂ ਵੱਲੋਂ ਵੱਖ ਵੱਖ ਨਾਂ ਸੁਝਾਏ ਜਾ ਸਕਦੇ ਹਨ। ਇਸ ਲਈ ਜ਼ਿਆਦਾਤਰ ਪਾਰਟੀਆਂ ਨੂੰ ਪ੍ਰਵਾਨਿਤ ਉਮੀਦਵਾਰ ਬਾਰੇ ਫ਼ੈਸਲਾ ਕੀਤਾ ਜਾਵੇਗਾ। ਐਨਡੀਏ ਸਰਕਾਰ ਬਣਨ ਬਾਅਦ ਦੇਸ਼ ਭਰ ਵਿੱਚ ਦਲਿਤਾਂ ਅਤੇ ਘੱਟ ਗਿਣਤੀਆਂ 'ਤੇ ਕਈ ਹਮਲੇ ਹੋਏ ਹਨ ਅਤੇ ਸਾਨੂੰ ਲੱਗਦਾ ਹੈ ਕਿ ਦੇਸ਼ ਦੇ ਮੌਜੂਦਾ ਜ਼ਖ਼ਮਾਂ ਨੂੰ ਭਰਨ ਲਈ ਇਕ ਧਰਮ ਨਿਰਪੱਖ ਉਮੀਦਵਾਰ ਵਧੇਰੇ ਅਹਿਮ ਹੈ।'



## ਪਰਿਵਾਰਕ ਤੰਦਰੁਸਤੀ ਲਈ ਸੁਖਮਨੀ ਸਾਹਿਬ ਦੇ ਪਾਠ ਕਰਵਾਏ

**ਯੂਬਾ ਸਿਟੀ–** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਮਿਤੀ 18 ਜੂਨ ਦਿਨ ਐਤਵਾਰ ਨੂੰ ਸ੍ਰੀਮਾਨ ਕੇਵਲ ਸਿੰਘ ਜੀ, ਬੀਬੀ ਜਸਵੀਰ ਕੌਰ ਜੀ ਵੱਲੋਂ ਆਪਣੇ ਪਰਿਵਾਰ ਦੀ ਤੰਦਰੁਸਤੀ ਲਈ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਕਰਵਾਏ ਗਏ, ਜਿਸ ਵਿਚ ਐਤਵਾਰ 18 ਜੂਨ ਨੂੰ ਗੁਰੂ ਘਰ ਵਿਖੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠਾਂ ਦੇ ਭੋਗ ਪਾਏ ਗਏ। ਉਪਰੰਤ ਭਾਈ ਕਮਲਜਤ ਸਿੰਘ ਜੀ ਦੇ ਰਾਗੀ ਜਥੇ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ।



ਸਟੇਜ ਸੈਕਟਰੀ ਦੀ ਸੇਵਾ ਜਥੇਦਾਰ ਗੁਰਨਾਮ ਸਿੰਘ ਭੰਡਾਲ (ਵਾਈਸ ਪ੍ਰਧਾਨ ਗੁਰੂ ਘਰ) ਜੀ ਨੇ ਨਿਭਾਈ। ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ। ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਕੇਵਲ ਸਿੰਘ ਜੀ, ਬੀਬੀ ਜਸਵੀਰ ਕੌਰ ਜੀ ਨੂੰ ਸਿਰੋਪਾਓ ਬਖਸ਼ਿਸ਼ ਕੀਤੇ ਗਏ।

ਅੰਤ ਵਿਚ ਗੁਰੂ ਘਰ ਦੇ ਪ੍ਰਧਾਨ ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

## ਅਮਰੀਕਾ ਵੱਲੋਂ ਪਾਕਿ ਪ੍ਰਤੀ ਸਖ਼ਤ ਰਵੱਈਏ ਦੇ ਆਸਾਰ

**ਵਾਸ਼ਿੰਗਟਨ–** ਟਰੰਪ ਪ੍ਰਸ਼ਾਸਨ ਵੱਲੋਂ ਪਾਕਿਸਤਾਨ ਪ੍ਰਤੀ ਰਵੱਈਆ ਸਖ਼ਤ ਕਰਨ ਦੇ ਆਸਾਰ ਹਨ, ਤਾਂ ਕਿ ਇਸਲਾਮਾਬਾਦ ਉਤੇ ਪਾਕਿਸਤਾਨੀ ਸਰਜ਼ਮੀਨ ਤੋਂ ਅਫ਼ਗਾਨਿਸਤਾਨ ਵਿੱਚ ਹਮਲੇ ਕਰਨ ਵਾਲੇ ਦਹਿਸ਼ਤੀ ਗਰੁੱਪਾਂ ਖ਼ਿਲਾਫ਼ ਕਾਰਵਾਈ ਲਈ ਦਬਾਅ ਪਾਇਆ ਜਾ ਸਕੇ।

ਅਮਰੀਕਾ ਵੱਲੋਂ ਇਸ ਸਬੰਧੀ ਚੁੱਕੇ ਜਾ ਸਕਣ ਵਾਲੇ ਕਦਮਾਂ ਉਤੇ ਵਿਚਾਰ ਕੀਤੀ ਜਾ ਰਹੀ ਹੈ, ਜਿਨ੍ਹਾਂ ਵਿੱਚ ਅਮਰੀਕੀ ਡਰੋਨ ਹਮਲੇ ਵਧਾਉਣਾ ਅਤੇ ਪਾਕਿਸਤਾਨ ਨੂੰ ਅਮਰੀਕੀ ਇਮਦਾਦ ਉਤੇ ਕੁਝ ਰੋਕ ਲਾਉਣਾ ਸ਼ਾਮਲ ਹੈ। ਟਰੰਪ ਪ੍ਰਸ਼ਾਸਨ ਵੱਲੋਂ ਪਾਕਿਸਤਾਨ ਦਾ ਆਪਣੇ ਭਾਈਵਾਲ ਵਜੋਂ ਰੁਤਬਾ ਵੀ ਘਟਾਇਆ ਜਾ ਸਕਦਾ ਹੈ।

ਉਂਜ ਕੁਝ ਅਮਰੀਕੀ ਅਧਿਕਾਰੀਆਂ ਨੇ ਇਸ ਰਣਨੀਤੀ ਦੀ ਸਫਲਤਾ ਉਤੇ ਸ਼ੱਕ ਜ਼ਾਹਰ ਕੀਤਾ ਹੈ। ਉਨ੍ਹਾਂ ਦੀ ਦਲੀਲ ਹੈ ਕਿ ਬੀਤੇ ਸਾਲਾਂ ਦੌਰਾਨ ਪਾਕਿਸਤਾਨ ਨੂੰ ਦਹਿਸ਼ਤੀ ਗਰੁੱਪਾਂ ਦੀ ਪਿੱਠ ਠੋਕਣ ਤੋਂ ਵਰਜਣ ਦੀਆਂ ਅਮਰੀਕੀ ਕੋਸ਼ਿਸ਼ਾਂ ਨੂੰ ਖ਼ਾਸ ਬੂਰ ਨਹੀਂ ਪਿਆ।

ਇਸ ਤੋਂ ਇਲਾਵਾ ਭਾਰਤ ਦੀਆਂ ਅਮਰੀਕਾ ਨਾਲ ਵਧ ਰਹੀਆਂ ਨਜ਼ਦੀਕੀਆਂ ਕਾਰਨ ਵੀ ਵਾਸ਼ਿੰਗਟਨ ਨੂੰ ਇਸਲਾਮਾਬਾਦ ਨਾਲ ਰਣਨੀਤਕ ਮੋਰਚੇ ਉਤੇ ਪੇਸ਼ਕਦਮੀ ਦੀ ਜ਼ਿਆਦਾ ਉਮੀਦ ਨਹੀਂ ਹੈ।

ਅਮਰੀਕੀ ਅਧਿਕਾਰੀਆਂ ਦੀ ਕਹਿਣਾ ਹੈ ਕਿ ਪ੍ਰਸ਼ਾਸਨ ਵੱਲੋਂ 16 ਸਾਲ ਪੁਰਾਣੀ ਅਫ਼ਗ਼ਾਨ ਜੰਗ ਦੀ ਕੀਤੀ ਜਾ ਰਹੀ ਨਜ਼ਰਸਾਨੀ ਤੋਂ ਬਾਅਦ ਉਹ ਪਾਕਿਸਤਾਨ ਨਾਲ ਸਬੰਧ ਤੋੜਨ ਦੇ ਨਹੀਂ ਸਗੋਂ ਮਜ਼ਬੂਤ ਕਰਨ ਦੇ ਚਾਹਵਾਨ ਹਨ। ਨਜ਼ਰਸਾਨੀ ਮੁਕੰਮਲ ਹੋਣ ਤੋਂ ਪਹਿਲਾਂ ਇਸ ਸਬੰਧੀ ਵਾਈਟ ਹਾਊਸ ਜਾਂ ਪੈਂਟਾਗਨ (ਅਮਰੀਕੀ ਰੱਖਿਆ ਵਿਭਾਗ) ਨੇ ਕੁਝ ਕਹਿਣ ਤੋਂ ਨਾਂਹ ਕਰ ਦਿੱਤੀ।

ਵਾਸ਼ਿੰਗਟਨ ਸਥਿਤ ਪਾਕਿਸਤਾਨੀ ਸਫ਼ਾਰਤਖ਼ਾਨੇ ਨੇ ਵੀ ਕੋਈ ਟਿੱਪਣੀ ਨਹੀਂ ਕੀਤੀ। ਉਂਜ ਵਿਚਾਰ-ਵਟਾਂਦਰਿਆਂ ਤੋਂ ਇਹੋ ਜਾਪਦਾ ਹੈ ਕਿ ਅਮਰੀਕਾ ਵੱਲੋਂ ਦਹਿਸ਼ਤਗਰਦਾਂ ਦੀਆਂ ਪਾਕਿਸਤਾਨ ਵਿਚਲੀਆਂ ਸੁਰੱਖਿਅਤ ਲੁਕਣਗਾਹਾਂ ਪ੍ਰਤੀ ਵਧੇਰੇ ਸਖ਼ਤ ਰੁਖ਼ ਅਪਣਾਇਆ ਜਾ ਸਕਦਾ ਹੈ।

# ਭਾਰਤੀ ਕੁੜੀ ਨੂੰ ਹਾਦਸੇ ਵਿਚ ਮਾਰਨ ਲਈ ਡਰਾਈਵਰ ਨੂੰ ਜੇਲ੍ਹ

**ਸੈਨ ਹੋਜ਼ੇ (ਹੁਸਨ ਲੜੋਆ ਬੰਗਾ)–** ਦੋ ਸਾਲ ਪਹਿਲਾਂ ਯੇਰਬਾ ਬਿਊਨਾ ਰੋਡ 'ਤੇ ਤੇਜ਼ ਰਫਤਾਰ ਗੱਡੀ ਚਲਾਉਣ ਨਾਲ ਵਾਪਰੇ ਹਾਦਸੇ ਕਾਰਨ ਡਰਾਈਵਰ ਗੈਬਰੀਅਲ ਬੇਸੇਰਾ ਐਸਪਾਰਜਾ ਨੂੰ ਇਕ ਸਾਲ ਦੀ ਜੇਲ੍ਹ ਦੀ ਸਜ਼ਾ ਸੁਣਾਈ ਗਈ ਹੈ। ਇਸ ਹਾਦਸੇ ਵਿਚ 24 ਸਾਲਾ ਭਾਰਤੀ ਕੁੜੀ ਕਿਰਨ ਪਾਬਲਾ ਦੀ ਮੌਤ ਹੋ ਗਈ ਸੀ ਜੋ ਕਿ ਉਸ ਵੇਲੇ ਜੌਗਿੰਗ ਕਰ ਰਹੀ ਸੀ।

ਦੋਸ਼ੀ ਨੂੰ ਅਣਗਹਿਲੀ ਨਾਲ ਤੇਜ਼ ਰਫਤਾਰ ਗੱਡੀ ਚਲਾਕੇ ਹਾਦਸਾ ਕਰਨ ਅਤੇ ਸਰੀਰ ਨੂੰ ਭਾਰੀ ਸੱਟ ਪਹੁੰਚਾਉਣ ਦਾ ਦੋਸ਼ੀ ਠਹਿਰਾਇਆ ਗਿਆ ਸੀ। ਇਸ ਸਾਲ ਦੀ ਜੇਲ੍ਹ ਤੋਂ ਇਲਾਵਾ ਦੋਸ਼ੀ ਨੂੰ ਤ ਸਾਲ ਲਈ ਪੋਬੇਸ਼ਨ ਦੀ ਸਜ਼ਾ ਵੀ ਦਿੱਤੀ ਗਈ ਹੈ ਤੇ ਇਸ ਦੇ ਨਾਲ 300 ਘੰਟੇ ਦੀ ਕਮਿਉਨਿਟੀ ਸਰਵਿਸ ਕਰਨ ਲਈ ਕਿਹਾ ਗਿਆ ਸੀ।

ਦੋਸ਼ੀ ਦੀ ਤਰਫੋਂ ਵਕੀਲ ਰਿਚਰਡ ਪੁਇੰਟਰ ਨੇ ਕਿਹਾ ਕਿ ਦੋਸ਼ੀ ਨੇ ਪਰਿਵਾਰ ਨੂੰ ਉਨ੍ਹਾਂ ਦੀ ਬੇਟੀ ਦੀ ਮੌਤ 'ਤੇ ਡੂੰਘਾ ਦੁੱਖ ਜ਼ਾਹਿਰ ਕੀਤਾ ਹੈ। ਉਸ ਦਾ ਕਹਿਣਾ ਹੈ ਕਿ ਇਹ ਇਕ ਹਾਦਸਾ ਸੀ। ਦਸਣਯੋਗ ਹੈ ਕਿ ਪਾਬਲਾ ਉਸ ਸਵੇਰ ਨੂੰ ਜੌਗਿੰਗ ਕਰ ਰਹੀ ਸੀ ਜਦੋਂ ਬਿਊਨਾ ਦੀ ਨਿਸਾਨ ਅਲਟੀਮਾ ਤੇਜ਼ ਰਫਤਾਰ ਬੀ ਐਮ ਡਬਲਯੂ ਨਾਲ ਟਕਰਾ ਗਈ ਤੇ ਉਸ ਦੀ ਗੱਡੀ ਜੌਗਿੰਗ ਕਰ ਰਹੀ ਪਾਬਲਾ ਨੂੰ ਦਰੱਖਤ ਨਾਲ ਟਕਰਾ ਦਿੱਤਾ ਜੋ ਕਿ ਉਸ ਕੁੜੀ ਦੇ ਘਰ ਅਤੇ ਉਸ ਦੇ ਸਕੂਲ ਤੋਂ ਕੇਵਲ ਇਕ ਮੀਲ ਦੂਰ ਸੀ। ਦੂਜੇ ਡਰਾਈਵਰ ਮੈਨੁਅਲ ਐਂਟੋਨੀ ਮਾਲਡੋਨਾਡੋ ਐਵਲੋਸ ਨੂੰ ਇਸ ਮਾਮਲੇ ਵਿਚ ਬਰੀ ਕਰ ਦਿੱਤਾ। ਦੋਵਾਂ ਨੂੰ ਬਰਾਬਰ ਦੋਸ਼ਾਂ ਤਹਿਤ ਦੋਸ਼ੀ ਠਹਿਰਾਇਆ ਗਿਆ ਸੀ। ਮੁਢਲੇ ਤੌਰ 'ਤੇ ਪੁਲਿਸ ਦਾ ਮੰਨਣਾ ਸੀ ਕਿ ਦੋਵੇਂ ਆਪੋ ਆਪਣੀ ਕਾਰਾਂ ਨਾਲ ਰੇਸ ਲਗਾ ਰਹੇ ਸੀ ਪਰ ਇਸ ਗੱਲ ਨੂੰ ਪੁਲਿਸ ਅਦਾਲਤ ਵਿਚ ਪੇਸ਼ ਨਾ ਕਰ ਸਕੀ। ਜਿਊਰੀ ਨੂੰ 3 ਘੰਟੇ ਤੱਕ ਦਾ ਸਮਾਂ ਲੱਗੇ ਫੈਸਲਾ ਕਰਨ ਲਈ ਕਿ ਮਾਲਡੋਨਾਡੋ ਦਾ ਇਸ ਹਾਦਸੇ ਵਿਚ ਕਸੂਰ ਨਹੀਂ ਸੀ ਪਰ ਗੈਬਰੀਅਲ ਹੀ ਇਸ ਹਾਦਸੇ ਦਾ ਕਾਰਨ ਬਣਿਆ।

# ਸ਼ਹੀਦ ਊਧਮ ਸਿੰਘ ਅਤੇ ਮਦਨ ਲਾਲ ਢੀਂਗਰਾ ਦਾ ਸ਼ਹੀਦੀ ਦਿਵਸ 6 ਅਗਸਤ ਨੂੰ

## ਵਿਦਿਆਰਥੀਆਂ ਦੇ ਭਾਸ਼ਣ ਮੁਕਾਬਲੇ ਹੋਣਗੇ ਵਿਸ਼ੇਸ਼ ਖਿਚ ਦਾ ਕੇਂਦਰ

**ਫਰਿਜ਼ਨੋਂ (ਕੁਲਵੀਰ ਹੇਅਰ)–** ਇੰਡੋ ਅਮੈਰਿਕਨ ਹੈਰੀਟੇਜ ਫੋਰਮ, ਫਰਿਜ਼ਨੋਂ ਵਲੋਂ ਸ਼ਹੀਦ ਊਧਮ ਸਿੰਘ ਅਤੇ ਮਦਨ ਲਾਲ ਢੀਂਗਰਾ ਦਾ ਸ਼ਹੀਦੀ ਦਿਵਸ ਅਤੇ ਵਿਦਿਆਰਥੀਆਂ ਦੇ ਭਾਸ਼ਣ ਮੁਕਾਬਲੇ 6 ਅਗਸਤ ਦਿਨ ਐਤਵਾਰ ਨੂੰ ਇੰਡੀਆ ਓਵਨ ਰੈਸਟੋਰੈਂਟ ਵਿਖੇ ਬਾਅਦ ਦੁਪਿਹਰ 2 ਵਜੇ ਕਰਵਾਏ ਜਾ ਰਹੇ ਹਨ। ਇਸ ਵਿਚ ਮਾਹਰਾਂ



ਦੀਆਂ ਸਪੀਚਾਂ ਵੀ ਹੋਣਗੀਆਂ। ਇਸ ਬਾਰੇ ਫੋਰਮ ਦੇ ਮੈਬਰਾਂ ਨੇ ਜਾਣਕਾਰੀ ਦਿੰਦਿਆਂ ਨੇ ਦੱਸਿਆ ਕਿ ਇਹਨਾਂ ਮੁਕਾਬਲਿਆਂ ਨੂੰ ਵੱਖ ਵੱਖ ਵਰਗਾਂ ਵਿਚ ਵੰਡਿਆ ਗਿਆ ਹੈ। ਗਰੁੱਪ ਏ (ਪ੍ਰੀ-ਸਕੂਲ ਤੋਂ ਐਲੀਮੈਂਟਰੀ), ਗਰੁੱਪ ਬੀ (ਮਿਡਲ ਸਟੈਂਡਰਡ 7 ਅਤੇ 8 ਗਰੇਡ), ਗਰੁੱਪ ਸੀ (ਹਾਈ ਸਕੂਲ ਦੇ ਵਿਦਿਆਰਥੀ), ਗਰੁੱਪ ਡੀ (ਕਾਲਜ ਅਤੇ ਯੂਨੀਵਰਸਿਟੀ ਦੇ ਵਿਦਿਆਰਥੀ ਹੋਣਗੇ। ਮੁਕਾਬਲੇ ਵਿਚ ਭਾਗ ਲੈਣ ਦੇ ਚਾਹਵਾਨ ਪਹਿਲਾਂ ਆਪਣੀ ਰਜਿਸਟ੍ਰੇਸ਼ਨ ਕਰਵਾ ਲੈਣ। ਰਜਿਸਟਰੇਸ਼ਨ ਲਈ ਸਪੀਚ ਕੰਪੀਟੀਸ਼ਨ ਸਬਜੈਕਟ ਲਿਖ ਕੇ ਈਮੇਲ ਐਡਰੈਸ IAHForum@Gmail.com ਤੇ ਆਪਣਾ ਨਾਮ, ਗਰੁੱਪ ਅਤੇ ਸੰਪਰਕ ਜਾਣਕਾਰੀ ਭੇਜੋ। ਦਿੱਤੇ ਹੋਏ ਮਜਮੂਨਾਂ ਤੋਂ ਬਾਹਰ ਦੀ ਸਪੀਚ ਨੂੰ ਮਨਜ਼ੂਰ ਨਹੀਂ ਕੀਤਾ ਜਾਵੇਗਾ। ਸਾਰੇ ਭਾਗ ਲੈਣ ਵਾਲੇ ਉਮੀਦਵਾਰਾਂ ਨੂੰ ਪਾਰਟੀਸਿਪੇਸ਼ਨ ਐਵਾਰਡ ਨਾਲ ਸਨਮਾਨਿਤ ਕੀਤਾ ਜਾਵੇਗਾ। ਏ ਤੋਂ ਬੀ ਤੱਕ ਦੇ ਪਹਿਲੇ ਤਿੰਨ ਸਥਾਨਾਂ ਤੇ ਰਹਿਣ ਵਾਲਿਆਂ ਨੂੰ ਕ੍ਰਮਵਾਰ 150, 100 ਅਤੇ 75 ਡਾਲਰ ਦਿੱਤੇ ਜਾਣਗੇ ਜਦਕਿ, ਸੀ ਅਤੇ ਡੀ ਗਰੁੱਪ ਵਾਲੇ ਪਹਿਲੇ ਤਿੰਨ ਉਮੀਦਵਾਰਾਂ ਨੂੰ ਕ੍ਰਮਵਾਰ 200, 150 ਅਤੇ 100 ਡਾਲਰ ਇਨਾਮ ਵਜੋਂ ਦਿਤੇ ਜਾਣਗੇ। ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਲਈ ਹਰਜਿੰਦਰ ਢੇਸੀ (618 0156) ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਪੰਜਾਬੀ ਸ਼ਾਇਰ ਗੁਰਦਿਆਲ ਸਿੰਘ 'ਨੂਰਪੁਰੀ' ਦੀਆਂ ਕਾਵਿ ਪੁਸਤਕਾਂ ਹੋਈਆਂ ਲੋਕ-ਅਰਪਣ

**ਯੂਨੀਅਨ ਸਿਟੀ (ਪ੍ਰਮਿੰਦਰ ਸਿੰਘ ਪ੍ਰਵਾਨਾ)–** ਸਾਂਝਾ ਸਭਿਆਚਾਰਕ ਮੰਚ ਅਮਰੀਕਾ ਵੱਲੋਂ ਇਕ ਸਫਲ ਸਾਹਿਤਕ ਅਤੇ ਸਭਿਆਚਾਰਕ ਸਮਾਗਮ ਵਿਚ 'ਨੂਰਪੁਰੀ' ਦੀਆਂ 'ਰਹਿਮਤਾਂ' ਅਤੇ 'ਤਰਕਾਂ' ਕਾਵਿ ਪੁਸਤਕਾਂ ਯੂਨੀਅਨ ਸਿਟੀ ਲਾਇਬ੍ਰੇਰੀ ਵਿਖੇ ਲੋਕ ਅਰਪਣ ਹੋਈਆਂ। ਪੁਸਤਕਾਂ ਤੇ ਗੋਸ਼ਟੀ ਕਰਦਿਆਂ ਪ੍ਰਮਿੰਦਰ ਸਿੰਘ ਪ੍ਰਵਾਨਾ ਵੱਲੋਂ ਕਾਵਿ ਪੁਸਤਕਾਂ ਨੂੰ ਦੋ ਧਰਾਤਲ ਤੇ ਇਕ ਪੰਜਾਬ ਦੀ ਖੁਸ਼ਬੂ ਦੱਸਿਆ।



ਪ੍ਰਸਿੱਧ ਗੀਤਕਾਰ ਅਜੈਬ ਸਿੰਘ ਚੀਮਾ ਵੱਲੋਂ ਪੁਸਤਕਾਂ ਲੋਕ ਅਰਪਣ ਕੀਤਾ। ਕਵੀ ਦਬਰਾਰ ਦਾ ਮੰਚ ਸੰਚਾਲਨ ਧਰਮਪਾਲ ਪ੍ਰਦੇਸੀ (ਰੈਕੋ) ਅਤੇ ਸਾਹਿਤਕਾਰ ਪ੍ਰਵਾਨਾ ਵੱਲੋਂ ਬਾਖੂਬੀ ਨਿਭਾਇਆ ਗਿਆ। ਇਸ ਮੌਕੇ ਈਸ਼ਰ ਸਿੰਘ ਮੋਮਨ, ਅਮਰਜੀਤ ਜੌਹਲ, ਮਹਿੰਗਾ ਸਿੰਘ ਸਰਪੰਚ, ਅਜੈਬ ਸਿੰਘ ਚੀਮਾ, ਗੁਰਦਿਆਲ ਸਿੰਘ ਨੂਰਪੁਰੀ, ਜਸਦੀਪ ਸਿੰਘ ਫਰੀਮਾਂਟ, ਤਰਸੇਮ ਸਿੰਘ ਸੁਮਨ, ਲਾਲ ਸਿੰਘ ਭੱਟੀ, ਰੈਕੋ, ਸੁਰਿੰਦਰ ਸਿੰਘ ਨੂਰਪੁਰੀ, ਰਾਜ ਜੱਗੀ ਅਤੇ ਨਿਰਮਲਾ ਦੇਵੀ ਆਦਿ ਕਵੀ ਸ਼ਾਮਲ ਸਨ।

# ਕਾਲਮ ਨਵੀਸ ਪੱਤਰਕਾਰ ਮੰਚ ਪੰਜਾਬ ਵੱਲੋਂ ਉੱਘੇ ਨਾਟਕਕਾਰ ਪ੍ਰੋ: ਅਜਮੇਰ ਔਲਖ ਨੂੰ ਦਿੱਤੀ ਸ਼ਰਧਾਂਜਲੀ

**ਫਗਵਾੜਾ–** ਕਾਲਮ ਨਵੀਸ ਪੱਤਰਕਾਰ ਮੰਚ, ਪੰਜਾਬ ਦੀ ਕਾਰਜਕਾਰਨੀ ਨੇ ਉੱਘੇ ਪੰਜਾਬੀ ਨਾਟਕਕਾਰ ਪ੍ਰੋ. ਅਜਮੇਰ ਸਿੰਘ ਔਲਖ ਦੇ ਦੇਹਾਂਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਮੰਚ ਦੀ ਕਾਰਜਕਾਰਨੀ ਮੈਂਬਰਾਂ ਨੇ ਕਿਹਾ ਕਿ ਪ੍ਰੋ. ਔਲਖ ਦੇ ਦੇਹਾਂਤ ਨਾਲ ਸਾਹਿਤ ਜਗਤ ਨੂੰ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ।

ਉਹ ਪੰਜਾਬੀ ਨਾਟਕ ਦੀ ਜਿੰਦ-ਜਾਨ ਸਨ। ਪ੍ਰੋ. ਔਲਖ ਨੇ ਹਮੇਸ਼ਾ ਹੀ ਦੱਬੇ ਕੁਚਲੇ ਅਤੇ ਸਮਾਜ ਦੇ ਲਿਤਾੜੇ ਲੋਕਾਂ ਲਈ ਆਵਾਜ਼ ਉਠਾਈ।

ਕਾਲਮ ਨਵੀਸ ਪੱਤਰਕਾਰ ਮੰਚ ਪੰਜਾਬ ਦੇ ਕਾਰ-ਜਕਾਰਨੀ ਮੈਂਬਰਾਂ ਪ੍ਰਸਿੱਧ ਕਾਲਮ ਨਵੀਸ ਸਰਵ ਸ੍ਰੀ ਗੁਰਚਰਨ ਸਿੰਘ ਨੂਰਪੁਰ, ਤਲਵਿੰਦਰ ਸਿੰਘ ਬੁੱਟਰ, ਡਾ. ਗਿਆਨ ਸਿੰਘ, ਡਾ. ਚਰਨਜੀਤ ਸਿੰਘ ਗੁਮਟਾਲਾ, ਸੁਲੱਖਣ ਸਰਹੱਦੀ, ਡਾ. ਸਵਰਾਜ ਸਿੰਘ, ਗਿਆਨ ਸਿੰਘ ਮੋਗਾ, ਡਾ. ਸ਼ਾਮ ਸੁੰਦਰ ਦੀਪਤੀ, ਡਾ. ਐਸ. ਐਸ. ਛੀਨਾ ਐਡਵੋਕੇਟ, ਵਿਕਰਮਜੀਤ ਸਿੰਘ ਬਾਠ ਅਤੇ ਕਨਵੀਨਰ ਗੁਰਮੀਤ ਪਲਾਹੀ ਨੇ ਪ੍ਰੋ. ਅਜਮੇਰ ਸਿੰਘ ਔਲਖ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਅਤੇ ਪੰਜਾਬੀ ਸਾਹਿਤ 'ਚ ਉਹਨਾਂ ਵੱਲੋਂ ਪਾਏ ਯੋਗਦਾਨ ਦੀ ਭਰਪੂਰ ਸ਼ਲਾਘਾ ਕੀਤੀ।

---------

33 ਸਾਲਾਂ ਤੋਂ ਸਾਡੇ ਆਯੂਰਵੈਦਿਕ ਜੜ੍ਹੀਆਂ ਬੂਟੀਆਂ ਦੇ ਤਿੰਨ ਪੁਸ਼ਤੀ ਖਾਨਦਾਨੀ ਨੁਸਖਿਆਂ ਦੇ ਇਲਾਜ
ਹਰ ਉਮਰ 'ਚ
ਵਿਆਹ ਤੋਂ ਪਹਿਲਾਂ ਜਾਂ ਬਾਅਦ 'ਚ ਹੋਈ ਕਮਜ਼ੋਰੀ
ਹਰ ਮੌਸਮ 'ਚ
ਅਮਰ ਕੋਰਸ®
ਹਰ ਉਮਰ 'ਚ ਸੈਕਸ ਕਰੋ, ਜਵਾਨੀ ਦਾ ਅਨੰਦ ਮਾਣੋ
ਬੇਔਲਾਦ ਤੇ ਬਾਂਝਪਨ ਲਾ-ਇਲਾਜ ਨਹੀਂ
Nill ਸ਼ੁਕਰਾਣੂ ਵਾਲੇ ਜ਼ਰੂਰ ਮਿਲਣ
ਜ਼ਰੂਰੀ ਨੋਟ : ਦਵਾਈ ਦੇਸ਼-ਵਿਦੇਸ਼ ਵਿਚ ਡਾਕ ਰਾਹੀਂ ਭੇਜਣ ਦਾ ਖਾਸ ਪ੍ਰਬੰਧ ਹੈ।
ਸੈਕਸ 'ਚ ਪੂਰਾ ਜੋਸ਼ ਲਵੋ, ਮਨਚਾਹਾ ਸਮਾਂ ਲਗਾਓ, ਸ਼ੂਗਰ ਜਾਂ ਵਧ ਰਹੀ ਉਮਰ ਕਾਰਨ ਹੋਈ ਕਮਜ਼ੋਰੀ, ਵੀਰਜ ਪਤਲਾ, ਘੱਟ ਬਣਨਾ, ਧਾਂਤ, ਨਾਮਰਦੀ, ਸਮਾਂ ਘੱਟ ਲੱਗਣਾ, ਸੁਪਨਦੋਸ਼, ਵੀਰਜ ਪਤਲਾ, ਬਚਪਨ ਦੀਆਂ ਗਲਤੀਆਂ ਨਾਲ ਹੋਈ ਕਮਜ਼ੋਰੀ, ਸ਼ੁਕਰਾਣੂ ਘੱਟ ਬਣਨਾ ਜਾਂ ਬਿਲਕੁਲ ਨਾ ਹੋਣਾ, ਪੂਰਾ ਅਮਰ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।



ਵੈਦ ਅਮਰਜੀਤ ਅਮਰ
ਸਪੈਸ਼ਲ ਅਮਰ ਤਿੱਲਾ ਮਾਲਸ਼ ਕਰਨ ਨਾਲ ਲੰਬਾਈ, ਮੋਟਾਈ, ਸਖਤਾਈ, ਢਿੱਲਾਪਣ, ਟੇਢਾਪਨ ਨਸਾਂ ਕਮਜ਼ੋਰ ਠੀਕ ਹੋ ਜਾਂਦੀਆਂ ਹਨ। ਸਾਡੇ ਆਯੂਰਵੈਦਿਕ ਜੜ੍ਹੀਆਂ ਬੂਟੀਆਂ ਦੇ ਤਿੰਨ ਪੁਸ਼ਤੀ ਖਾਨਦਾਨੀ ਨੁਸਖਿਆਂ ਦੇ ਗਾਰੰਟੀਸ਼ੁਦਾ ਇਲਾਜ ਲਈ ਮਿਲੋ ਜਾਂ ਫੋਨ ਕਰੋ।
ਦਵਾਈ ਦਾ ਅਸਰ ਪਹਿਲੇ ਦਿਨ ਤੋਂ ਸ਼ੁਰੂ
ਔਰਤਾਂ ਦੀ ਸੁੰਦਰਤਾ ਦਾ ਦੁਸ਼ਮਣ (ਸਫੈਦ ਪਾਣੀ ਲਕੋਰੀਆ)
ਛਾਤੀ ਸੁੰਗੜਨਾ, ਛੋਟੀ ਹੋਣਾ, ਢਿੱਲਾਪਨ, ਛਾਈਆਂ ਠੰਡਾਪਨ, (ਚੌੜੀ ਯੋਨੀ), ਖੁੱਲਾਪਨ, ਗਿੱਲਾਪਨ, ਹਿੱਪ ਭਾਰੀ, (ਮੋਟਾਪਾ), ਕਮਰ ਦਰਦ, ਸੰਭੋਗ ਨੂੰ ਮਨ ਨਾ ਕਰਨਾ।
ਭਾਰ ਪੈਣਾ ਬਿਨਾਂ ਆਪ੍ਰੇਸ਼ਨ ਆਰਾਮ
ਸਾਡੀ ਦਵਾਈ ਨਾਲ ਕੋਈ Side Effect ਨਹੀਂ ਹੁੰਦਾ
ਤੁਰੰਤ ਪੁੱਛਣ ਲਈ
+91-98140-29888
+91-98141-29888
+91-98763-39888
ਸਾਡਾ ਪੂਰਾ ਪਤਾ : ਤਿੰਨ ਪੁਸ਼ਤੀ ਖਾਨਦਾਨੀ ਵੈਦ
ਅਮਰ ਦਵਾਖਾਨਾ (ਰਜਿ.)
ਇਨੋਸੈਂਟ ਸਕੂਲ ਰੋਡ, ਗਰੀਨ ਮਾਡਲ ਟਾਊਨ, ਜਲੰਧਰ (ਪੰਜਾਬ) ਭਾਰਤ।
ਫੋਨ : 91-181-2275777 ਫੈਕਸ : 91-181-2461888 ਸਮਾਂ 9 ਤੋਂ 8 ਵਜੇ ਤੱਕ ਐਤਵਾਰ 3 ਵਜੇ ਤੱਕ
website : www.amardawakhana.com email : amardawakhana@rediffmail.com

A & S
Auto Repair & Services
Specializing in Brakes & Axles
10% of any repair of $ $75.00 or More
Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more
Dealer Recommended Service Shocks/Struts A/C Servics



9:00 AM to 6:00 PM Mon-Sat



Ph: 916-238-4431
649 W. Elkhorn Blvd. Suite B2
Rio Linda, CA 95673
Amarjit Sandhu

ਦੇਸ਼ ਦੁਆਬਾ

# ਭਾਜਪਾ ਦਾ ਦਲਿਤ ਏਜੰਡਾ?

ਭਾਰਤੀ ਜਨਤਾ ਪਾਰਟੀ ਨੇ ਉਤਰ ਪ੍ਰਦੇਸ਼ ਵਿਚ ਸ਼ਾਨਦਾਰ ਜਿੱਤ ਹਾਸਲ ਕਰਨ ਤੋਂ ਬਾਅਦ 2019 ਦੀਆਂ ਮੱਧਕਾਲੀ ਚੋਣਾਂ ਦੀ ਤਿਆਰੀ ਹੁਣੇ ਤੋਂ ਆਰੰਭ ਕਰ ਦਿੱਤੀ ਹੈ। ਆਰ. ਐਸ. ਐਸ. ਦੀ ਅਗਵਾਈ ਵਿਚ ਚੱਲਣ ਵਾਲੀ ਭਾਜਪਾ ਆਪਣਾ ਏਜੰਡਾ ਬੇਸ਼ੱਕ ਲੁਕਵੇਂ ਰੂਪ ਵਿਚ ਲਾਗੂ ਕਰ ਰਹੀ ਹੋਵੇ ਪਰ ਸਿਆਸਤ ਪੱਖੋਂ ਭਾਜਪਾ ਸਮੇਂ ਦੀ ਨਜ਼ਾਕਤ ਨੂੰ ਮੁੱਖ ਰੱਖ ਕੇ ਹੀ ਚੱਲ ਰਹੀ ਹੈ। ਭਾਜਪਾ ਦੀ ਅਗਵਾਈ ਵਾਲੇ ਐਨ. ਡੀ. ਏ. ਵੱਲੋਂ ਐਲਾਨੇ ਗਏ ਉਮੀਦਵਾਰ ਸ੍ਰੀ ਰਾਮਨਾਥ ਕੋਵਿੰਦ ਇਸ ਵਕਤ ਬਿਹਾਰ ਦੇ ਰਾਜਪਾਲ ਰਹਿ ਚੁੱਕੇ ਹਨ, ਜੋ ਹੁਣ ਅਸਤੀਫਾ ਦੇ ਚੁੱਕੇ ਹਨ। ਸ੍ਰੀ ਮੋਦੀ ਨੇ ਸ੍ਰੀ ਕੋਵਿੰਦਾ ਦਾ ਨਾਂ ਐਲਾਨ ਕਰਦਿਆਂ ਕਿਹਾ ਕਿ ਮੈਨੂੰ ਯਕੀਨ ਹੈ ਕਿ ਸ੍ਰੀ ਕੋਵਿੰਦ ਇਕ ਲਾਸਾਨੀ ਰਾਸ਼ਟਰਪਤੀ ਸਾਬਤ ਹੋਣਗੇ ਤੇ ਉਹ ਗਰੀਬਾਂ, ਦਲਿਤਾਂ ਅਤੇ ਪੱਛੜਿਆਂ ਦੀ ਮਜਬੂਤ ਆਵਾਜ਼ ਬਣੇ ਰਹਿਣਗੇ। 71 ਸਾਲਾ ਸ੍ਰੀ ਕੋਵਿੰਦ ਨੂੰ ਉਮੀਦਵਾਰ ਐਲਾਨ ਕੇ ਭਾਜਪਾ ਨੇ ਇਕ ਤੀਰ ਨਾਲ ਕਈ ਨਿਸ਼ਾਨੇ ਮਾਰੇ ਹਨ। ਭਾਜਪਾ ਕੋਲ ਸਾਰੇ ਭਾਰਤ ਵਿਚੋਂ 47 ਫੀਸਦੀ ਵੋਟ ਇਸ ਵਕਤ ਰਾਸ਼ਟਰਪਤੀ ਦੇ ਲਈ ਹੈ। ਜੇਕਰ ਸਾਰੀਆਂ ਵਿਰੋਧੀ ਪਾਰਟੀਆਂ ਇੱਕਜੁਟ ਹੋ ਜਾਣ ਤਾਂ ਵੀ ਸ੍ਰੀ ਕੋਵਿੰਦ ਆਸਾਨੀ ਨਾਲ ਜਿੱਤ ਜਾਣਗੇ।

ਭਾਰਤੀ ਜਨਤਾ ਪਾਰਟੀ ਦੇ ਇਸ ਪੈਂਤੜੇ ਤੋਂ ਬਾਅਦ ਭਾਰਤ ਦੀਆਂ ਸਾਰੀਆਂ ਵਿਰੋਧੀ ਧਿਰਾਂ ਦੀ ਦੁਚਿੱਤੀ ਵੀ ਵੱਧ ਗਈ ਹੈ। ਉਹਨਾਂ ਤੇ ਵੀ ਦਬਾਅ ਪੈ ਰਿਹਾ ਹੈ ਕਿ ਉਹ ਇਕ ਦਲਿਤ ਉਮੀਦਵਾਰ ਦਾ ਹੀ ਐਲਾਨ ਕਰਨ। ਬਸਪਾ ਮੁਖੀ ਮਾਇਆਵਤੀ ਤਾਂ ਪਹਿਲਾਂ ਹੀ ਐਲਾਨ ਕਰ ਚੁੱਕੀ ਹੈ ਕਿ ਜੇਕਰ ਵਿਰੋਧੀ ਪਾਰਟੀਆਂ ਨੇ ਦਲਿਤ ਉਮੀਦਵਾਰ ਨਾ ਐਲਾਨਿਆ ਤਾਂ ਉਹ ਸ੍ਰੀ ਕੋਵਿੰਦ ਨੂੰ ਹੀ ਵੋਟ ਦੇਣਗੇ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਸ਼ਾਹ ਦੀ ਜੋੜੀ ਜੋ ਭਾਰਤ ਦੀ ਰਾਜਨੀਤੀ ਦੇ ਅੱਜਕਲ੍ਹ ਚਾਣਕਿਆ ਬਣੇ ਹੋਏ ਹਨ, ਨੇ ਸ੍ਰੀ ਕੋਵਿੰਦ ਨੂੰ ਉਮੀਦਵਾਰ ਐਲਾਨ ਕੇ ਸਾਰੀਆਂ ਸਿਆਸੀ ਪਾਰਟੀਆਂ ਨੂੰ ਮੁਸ਼ਕਿਲ ਵਿਚ ਫਸਾ ਦਿੱਤਾ ਹੈ। ਭਾਰਤ ਵਿਚ 40 ਫੀਸਦੀ ਤੋਂ ਜ਼ਿਆਦਾ ਦਲਿਤ ਵੋਟ ਹੈ ਅਤੇ ਹਾਲ ਦੇ ਸਮੇਂ ਵਿਚ ਜਿਸ ਤਰ੍ਹਾਂ ਦਲਿਤਾਂ ਤੇ ਜ਼ੁਲਮਾਂ ਦੇ ਕਾਰਨ ਭਾਜਪਾ ਦੀ ਬਦਨਾਮੀ ਹੋ ਰਹੀ ਸੀ, ਉਸ ਨੂੰ ਵੀ ਇਸ ਫੈਸਲੇ ਨਾਲ ਧੋਣ ਦੀ ਕੋਸ਼ਿਸ਼ ਕੀਤੀ ਗਈ ਹੈ।

ਜਾਗਰੂਕ ਲੋਕ ਜਾਣਦੇ ਤੇ ਸਮਝਦੇ ਵੀ ਹਨ ਕਿ ਆਜ਼ਾਦ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਜੀ ਨੇ ਡਾ. ਅੰਬੇਡਕਰ ਜੀ ਨੂੰ ਰਾਸ਼ਟਰਪਤੀ ਬਣਨ ਦੀ ਪੇਸ਼ਕਸ਼ ਕੀਤੀ ਸੀ ਪਰ ਉਹਨਾਂ ਠੁਕਰਾ ਦਿੱਤੀ ਸੀ। ਇਸੇ ਤਰ੍ਹਾਂ ਪੰਡਿਤ ਨਹਿਰੂ ਜੀ ਦੇ ਦੋਹਤੇ ਤੇ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਨੇ ਵੀ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਨੂੰ ਰਾਸ਼ਟਰਪਤੀ ਬਣਨ ਦੀ ਪੇਸ਼ਕਸ਼ ਕੀਤੀ ਸੀ ਪਰ ਉਹਨਾਂ ਨੇ ਵੀ ਠੁਕਰਾ ਦਿੱਤੀ।

ਕਿਉਂਕਿ ਉਪਰੋਕਤ ਦੋਵੇਂ ਮਹਾਂਪੁਰਸ਼ ਸਮਝਦੇ ਸਨ ਕਿ ਰਾਸ਼ਟਰਪਤੀ ਬਣਨ ਨਾਲ ਸਾਡੀਆਂ ਸਭ ਸਮੱਸਿਆਵਾਂ ਦਾ ਹੱਲ ਨਹੀਂ, ਇਹ ਤਾਂ ਸਾਡੀ ਆਪਣੀ ਸਰਕਾਰ ਨਾਲ ਹੀ ਆਪਣੀਆਂ ਅਤੇ ਸਮੂਹ ਦੇਸ਼ ਵਾਸੀਆਂ ਦੀਆਂ ਸਮੱਸਿਆਵਾਂ ਨੂੰ ਹੱਲ ਕੀਤਾ ਜਾ ਸਕਦਾ ਹੈ। ਇਹ ਬਹੁਤ ਚੰਗੀ ਗੱਲ ਹੈ ਕਿ ਘੱਟ ਗਿਣਤੀ ਤੇ ਦਲਿਤ ਵਰਗ ਦੇ ਲੋਕਾਂ ’ਚੋਂ ਵੀ ਕੁਝ ਇਕ ਨੂੰ ਉਚ, ਸਰਵ ਉਚ ਅਹੁਦੇ ‘ਤੇ, ਕਾਬਜ ਹਾਕਮ ਜਮਾਤ ਨੇ ਦਿੱਤੇ ਪਰ ਉਹ ਸਭ ਆਪਣੇ ਸੁੱਖ-ਆਰਾਮ, ਫਾਇਦਿਆਂ ਨੂੰ ਮੁੱਖ ਰੱਖ ਕੇ, ਉਹ ਵੀ ਕਿਸੇ ਮਜਬੂਰੀ ਵੱਸ ਹੀ ਦਿੱਤੇ ਗਏ ਜਾਂ ਦਿੱਤੇ ਜਾ ਰਹੇ ਹਨ, ਜਿਸ ਨਾਲ ਘੱਟ ਗਿਣਤੀ ਜਾਂ ਦਲਿਤ ਵਰਗ ਸੰਤੁਸ਼ਟ ਨਹੀਂ ਹੁੰਦਾ ਕਿਉਂਕਿ ਅਜਿਹੇ ਉਚ ਅਹੁਦੇ ਪ੍ਰਾਪਤ ਪਾਤਰ ਵਿਅਕਤੀ, ਜਿਹਨਾਂ ਦੇ ਰਹਿਮੋ-ਕਰਮ ਤੇ ਇਸ ਮੁਕਾਮ ਤੱਕ ਪਹੁੰਚਦੇ ਹਨ, ਫਿਰ ਉਹ ਕਾਬਜ਼ ਜਮਾਤ ਦੇ ਹੀ ਜੀ-ਹਜ਼ੂਰ ਹੋਇਆ ਕਰਦੇ ਹਨ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮੇਵਾਰ ਹੋਣਗੇ। -ਸੰਪਾਦਕ

# ਗੁਰਬਾਣੀ ਇਸੁ ਜਗ ਮਹਿ ਚਾਨਣੁ॥ (ਗੁਰੂ ਗ੍ਰੰਥ ਸਾਹਿਬ)

ਲੜੀ ਨੰਬਰ-34

## ਪੰਜ ਗਿਆਨ ਇੰਦਰਿਆਂ ਚੋਂ ਰਸਨਾ (ਜੀਭ) ਦੀ ਮਹੱਤਤਾ



ਅਵਤਾਰ ਸਿੰਘ ਮਿਸ਼ਨਰੀ
510-432-5827

ਰਸਨਾ ਤੇ ਜਿਹਬਾ ਸੰਸਕ੍ਰਿਤ, ਜੀਭ ਪੰਜਾਬੀ, ਜ਼ੁਬਾਨ ਫਾਰਸੀ ਅਤੇ ਟੰਗ ਅੰਗ੍ਰੇਜੀ ਦੇ ਪਰ ਸਮਰਥਕ ਸ਼ਬਦ ਹਨ। ਫਾਰਸੀ ਵਿੱਚ ਜ਼ਬਾਨ ਬੋਲੀ ਜਾਂ ਭਾਸ਼ਾ ਨੂੰ ਵੀ ਕਹਿੰਦੇ ਹਨ। ਗੁਰਮਤਿ ਮਾਰਤੰਡ ਅਨੁਸਾਰ ਰਸਨਾ ਜਾਂ ਜੀਭ ਪੰਜ ਗਿਆਨ ਇੰਦ੍ਰਿਆਂ ਚੋਂ ਇੱਕ ਹੈ। ਇਹ ਜੀਭ, ਮੁੱਖ ਵਿੱਚ ਦੰਦਾਂ ਦੇ ਦੋਹਾਂ ਪੀੜਾਂ ਵਿਚਕਾਰਲਾ ਸਰੀਰਕ ਅੰਗ ਹੈ। ਰਸਨਾ ਦਾ ਮੁੱਖ ਕੰਮ ਬੋਲਣ, ਗੌਣ ਤੇ ਰਸ, ਸਵਾਦ ਆਦਿ ਚੱਖਣ ਦਾ ਹੈ। ਇਸੇ ਰਸਨਾ ਜਾਂ ਜੀਭ ਨਾਲ ਮਿੱਠਾ ਬੋਲ ਕੇ ਬਹੁਤ ਸਾਰੇ ਮਿੱਤ੍ਰ, ਸਬੰਧੀ ਅਤੇ ਮਦਦਗਾਰ ਅਤੇ ਕੌੜਾ ਬੋਲ ਕੇ ਵੈਰੀ, ਸਬੰਧ ਤੋੜਨ ਵਾਲੇ ਅਤੇ ਨਿੰਦਕ ਬਣਾਏ ਜਾ ਸਕਦੇ ਹਨ। ਜੀਭ ਖੱਟੇ, ਮਿੱਠੇ, ਲੂਣੇ, ਕੜਵੇ ਅਤੇ ਕੁਸੈਲੇ ਦਾ ਗੁਣ ਦਸਦੀ ਹੈ। ਜਿਵੇਂ ਅਸੀਂ ਦੰਦਾਂ ਨੂੰ ਨਿਰੋਗ ਰੱਖਣ ਲਈ ਰੋਜਾਨਾ ਦਾਤਨ ਜਾਂ ਬਰੱਸ਼ ਕਰਦੇ ਹਾਂ ਇਵੇਂ ਹੀ ਜੀਭ ਨੂੰ ਵੀ ਉਪਰੋਂ ਸਾਫ ਰੱਖਣਾ ਚਾਹੀਦਾ ਹੈ। ਖਾਂਦੇ ਸਮੇਂ ਗੱਲਾਂ ਨਹੀਂ ਕਰਨੀਆਂ ਚਾਹੀਦੀਆਂ ਨਹੀਂ ਤਾਂ ਕਈ ਵਾਰ ਜੀਭ ਦੰਦਾਂ ਹੇਠ ਆ ਕੇ ਕੱਟੀ ਜਾਂਦੀ ਹੈ। ਰਸਨਾਂ ਨਾਲ ਫਿਕਾ, ਮੰਦਾ ਜਾਂ ਮਾੜਾ ਬੋਲਣ ਨਾਲ ਇਹ ਗੰਦੀ ਹੋ ਜਾਂਦੀ ਹੈ। ਚੰਗੇ, ਮਿੱਠੇ ਬੋਲ ਬੋਲਣ ਤੇ ਨਾਮ ਜਪ ਗਿਆਨ ਪੜ੍ਹਨ ਨਾਲ ਰਸਨਾ ਪਵਿੱਤ੍ਰ ਹੁੰਦੀ ਹੈ-ਨਾਮੁ ਕਹਤ ਗੋਵਿੰਦ ਕਾ ਸੂਚੀ ਭਈ ਰਸਨਾ॥ (੮੧੧)

ਰਸਨਾ ਜਾਂ ਜ਼ਬਾਨ ਨਾਲ ਮੁਹਾਵਰੇ ਵੀ ਜੁੜੇ ਹੋਏ ਹਨ। ਜਬਾਨ ਦੇਣੀ, ਜ਼ਬਾਨ ਕਰਨੀ, ਚਸਕੋ ਦੇ ਚਸਕੇ, ਲਤਰੋ, ਲਤਰ ਲਤਰ ਕਰਨਾ, ਜ਼ਬਾਨ ਤੋੜਨਾ ਜਾਂ ਬਦਲਣਾ ਅਤੇ ਜੀਭ ਦਾ ਰਸ ਚੋਣਾਂ, ਫਲਾਨੇ ਦੀ ਜ਼ਬਾਨ ਤਾਂ ਕੈਂਚੀ ਵਾਂਗ ਚਲਦੀ ਆ ਆਦਿਕ।

ਰਸਨਾ ਦੀ ਮਹੱਤਤਾ ਬਾਰੇ ਰੱਬੀ ਭਗਤਾਂ, ਸਿੱਖ ਗੁਰੂਆਂ ਅਤੇ ਭਾਈ ਗੁਰਦਾਸ ਜੀ ਦੇ ਵਿਚਾਰ-ਉਹ ਜੀਭ ਭਾਗਾਂ ਵਾਲੀ ਹੈ ਜੋ ਸਦਾ ਪ੍ਰਮਾਤਮਾਂ ਦੇ ਗੁਣ ਹੀ ਗਾਉਂਦੀ ਹੈ-ਸਾ ਰਸਨਾ ਧੰਨੁ ਧੰਨੁ ਹੈ ਮੇਰੀ ਜਿੰਦੜੀਏ ਗੁਣ ਗਾਵੈ ਹਰਿ ਪ੍ਰਭ ਕੇਰੇ ਰਾਮ॥ (੫੪੦) ਹੇ ਮੇਰੀ ਰਸਨਾ ਤੂੰ ਪ੍ਰਭੂ ਦੀ ਕੀਰਤੀ ਹੀ ਗਾਇਆ ਕਰ ਕਿਉਂਕਿ ਉਹ ਕਰਤਾ ਏ ਤੇ ਕੀਰਤੀ (ਸਿਫਤ) ਵੀ ਉਸੇ ਦੀ ਕਰਨੀ ਚਾਹੀਦੀ ਹੈ-ਕੀਰਤਿ ਪ੍ਰਭ ਕੀ ਗਾਉ ਮੇਰੀ ਰਸਨਾਂ॥(੧੨੯੮) ਕਬੀਰ ਜੀ ਵਿਖਾਵੇ ਦੀ ਪਾਖੰਡ ਵਾਲੀ ਮਾਲਾ ਦਾ ਖੰਡਨ ਕਰਦੇ, ਰਸਨਾ ਨੂੰ ਹੀ ਅਸਲ ਮਾਲਾ ਦਰਸਾਉਂਦੇ ਹਨ-ਕਬੀਰ ਮੇਰੀ ਸਿਮਰਨੀ ਰਸਨਾ ਊਪਰਿ ਰਾਮੁ॥ (੧੩੬੪) ਰਸਨਾਂ ਜਿੱਥੇ ਚੁਗਲੀ ਨਿੰਦਿਆ ਕਰਦੀ ਓਥੇ ਸਰੀਰ ਤੇ ਆਤਮਾਂ ਨੂੰ ਦੁਖੀ ਕਰਨ ਵਾਲੇ ਰਸਾਂ ਕਸਾਂ ਵਿੱਚ ਵੀ ਗਲਤਾਨ ਹੋ ਜਾਂਦੀ ਹੈ-ਏ ਰਸਨਾ ਤੂ ਅਨ ਰਸਿ ਰਾਚਿ ਰਹੀ ਤੇਰੀ ਪਿਆਸ ਨ ਜਾਇ॥ ਪਿਆਸ ਨ ਜਾਇ ਹੋਰਤੁ ਕਿਤੈ ਜਿਚਰੁ ਹਰਿ ਰਸੁ ਪਲੈ ਨ ਪਾਇ॥ (੯੨੧) ਰਸਨਾ ਆਪ ਕੁਝ ਨਹੀਂ ਕਰ ਸਕਦੀ ਜਿਵੇਂ ਪੁਤਲੀਆਂ ਨੂੰ ਮਦਾਰੀ ਨਚਾਉਂਦਾ ਹੈ ਇਵੇਂ ਆਪਣੇ ਮਨ ਮਗਰ ਲੱਗਣ ਵਾਲਾ ਮਨਮੁੱਖ ਅਗਿਆਨੀ ਮਨੁੱਖ, ਰਸਨਾਂ ਤੋਂ ਝੂਠ ਬੁਲਾਉਂਦਾ ਹੈ-ਅੰਤਰਿ ਕਪਟੁ ਮਨਮੁਖ ਅਗਿਆਨੀ ਰਸਨਾ ਝੂਠੁ ਬੋਲਾਇ॥ (੫੧੨) ਹੇ ਜਿਹਬਾ ਮੈਂ ਤੇਰੇ ਸੌ ਟੁਕੜੇ ਕਰ ਦਿਆਂ ਜੇ ਤੂੰ ਪ੍ਰਭੂ ਨੂੰ ਨਾ ਉਚਾਰੇਂ ਭਾਵ ਹੋਰ ਹੋਰ ਹੀ ਕੂੜ ਕਬਾੜ ਉਚਰੀ ਜਾਵੇਂ-ਰੇ ਜਿਹਬਾ ਕਰਉ ਸਤ ਖੰਡ॥ ਜਾਮਿ ਨ ਉਚਰਸਿ ਸ੍ਰੀ ਗੋਬਿੰਦ॥੧॥(੧੧੯੩)

ਭਾਈ ਗੁਰਦਾਸ ਜੀ ਵੀ ਰਸਨਾ ਬਾਰੇ ਦਰਸਾਉਂਦੇ ਹਨ ਕਿ ਰਸਨਾਂ ਤੋਂ ਬੋਲੇ ਮਿੱਠੇ ਬਚਨ ਪਿਆਰੇ ਅਤੇ ਕੌੜੇ ਬੋਲ ਹਿਰਦੇ ਵਿੱਚ ਬਾਨ ਵਾਂਗ ਲਗਦੇ ਹਨ-ਮਧੁਰ ਬਚਨ ਤਾਹੀ ਰਸਨਾ ਸੈ ਪਯਾਰੋ ਲਾਗੈ, ਕੌਰਕ ਸ਼ਬਦ ਸੁਨ ਲਾਗੈ ਉਰ ਬਾਨ ਸੋਂ॥(ਕਬਿੱਤ-੬੪੪) ਵੱਖ ਵੱਖ ਸਵਾਦਾਂ ਦੇ ਭੋਗਾਂ ਨਾਲ ਕਦੇ ਜੀਭ ਨਹੀਂ ਰਜਦੀ-ਸਾਦੀਂ ਜੀਭ ਨ ਰਜੀਆ ਕਰਿ ਭੋਗ ਬਿਲਾਸੇ।(ਵਾਰ-੨੭) ਜੀਭ ਦੇ ਹੁੰਦਿਆਂ ਜੋ ਗੁਰ ਉਪਦੇਸ਼ ਰੱਬੀ ਸ਼ਬਦ ਨਹੀਂ ਗਾਉਂਦਾ, ਉਹ ਗੁਰ ਗਿਆਨ ਪੱਖੋਂ ਗੂੰਗਾ ਹੈ-ਗੁਰਮੁਖਿ ਸਬਦੁ ਨ ਗਾਵਈ ਹੋਂਦੀ ਜੀਭੈ ਗੁੰਗਾ ਹੋਈ॥(ਵਾਰ-੩੨) ਜੀਭ ਵਿੱਚ ਬੜੀ ਤਾਕਤ ਹੈ ਇਸ ਦਾ ਇੱਕ ਬੋਲ ਹੀ ਬਹੁਤ ਕੁਝ ਵਿਗਾੜ ਤੇ ਸਵਾਰ ਸਕਦਾ ਹੈ-ਬੋਲੀ ਕਾਜ ਵਿਗਾੜਿਆ ਸਣ ਮੂਲੀ ਪਤਾ। ਇਸ ਲਈ ਜੀਭ ਤੋਂ ਨਾਪ-ਤੋਲ ਕੇ ਹੀ ਬੋਲਣਾ ਚਾਹੀਦਾ ਹੈ।

ਸੋ ਉਪ੍ਰੋਕਤ ਵਿਆਖਿਆ ਤੋਂ ਜੀਭ, ਰਸਨਾ ਜਾਂ ਜਿਹਬਾ ਦੀ ਮਹੱਤਤਾ ਬਾਰੇ ਕਾਫੀ ਕੁਝ ਪਤਾ ਲੱਗ ਜਾਂਦਾ ਹੈ। ਇਸ ਲਈ ਰਸਨਾਂ ਜਾਂ ਜੀਭਾ ’ਤੇ ਵੀ ਕਾਬੂ (ਕੰਟਰੋਲ) ਰੱਖਣ ਦੀ ਅਤਿਅੰਤ ਲੋੜ ਹੈ।

## ਇਤਿਹਾਸਕ ਗੁਰਦੁਆਰਾ ਸ੍ਰੀ ਰੇਰੂ ਸਾਹਿਬ, ਰਾਮਪੁਰ (ਲੁਧਿਆਣਾ)



ਤਸਵਿੰਦਰ ਸਿੰਘ ਬੜੈਚ
91-98763-22677

ਜਿਲ੍ਹਾ ਲੁਧਿਆਣਾ ਦੀ ਤਹਿਸੀਲ ਦੋਰਾਹਾ ਤੋਂ ਤਕਰੀਬਨ 5 ਕਿਲੋਮੀਟਰ ਦੀ ਦੂਰੀ ’ਤੇ ਨਹਿਰ ਕਿਨਾਰੇ ਵੱਸੇ ਪਿੰਡ ਰਾਮਪੁਰ ’ਚ ਖਾਲਸਾ ਪੰਥ ਸਾਜਣ ਵਾਲੇ ਅਤੇ ਕੌਮ ਤੇ ਮਾਨਵਤਾ ਦੀ ਰਾਖੀ ਲਈ ਆਪਣਾ ਸਾਰਾ ਪਰਿਵਾਰ ਵਾਰਨ ਵਾਲੇ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਇਥੇ ਪਧਾਰਨ ਦੀ ਯਾਦ ਵਿਚ ਬਣਿਆ ਹੋਇਆ ਹੈ ਗੁਰਦੁਆਰਾ ਰੇਰੂ ਸਾਹਿਬ। ਇਹ ਗੁਰਦੁਆਰਾ ਸਾਹਿਬ ਦੋਰਾਹਾ ਤੋਂ ਰੋਪੜ ਨੂੰ ਜਾਣ ਵਾਲੀ ਸੜਕ ’ਤੇ ਪਿੰਡ ਰਾਮਪੁਰ ’ਚ ਸਥਿਤ ਹੈ। ਦਿੱਲੀ-ਅੰਮ੍ਰਿਤਸਰ ਨੈਸ਼ਨਲ ਹਾਈਵੇ ’ਤੋਂ ਇਹ ਅਸਥਾਨ 5 ਕਿਲੋਮੀਟਰ ਦੀ ਦੂਰੀ ’ਤੇ ਹੈ। ਜਿਲ੍ਹਾ ਲੁਧਿਆਣਾ ਅਤੇ ਤਹਿਸੀਲ ਸਮਰਾਲਾ ਤੋਂ ਇਹ ਅਸਥਾਨ ਦੋਵੇਂ ਪਾਸਿਓ ਇਕੋ ਜਿਹੀ ਦੂਰੀ ’ਤੇ ਸਥਿਤ ਹੈ। ਦੂਰੋਂ ਨਜਰੀ ਪੈਂਦੇ ਇਸ ਪਵਿੱਤਰ ਅਸਥਾਨ ਗੁਰਦੁਆਰਾ ਰੇਰੂ ਸਾਹਿਬ ਰਾਮਪੁਰ ਦਾ ਇਤਿਹਾਸ ਇਸ ਤਰ੍ਹਾਂ ਹੈ ਕਿ ਇਸ ਅਸਥਾਨ ਉੱਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਉੱਚ ਦੇ ਪੀਰ ਦੇ ਭੇਖ ਵਿਚ ਭਾਈ ਦਿਆ ਸਿੰਘ, ਭਾਈ ਧਰਮ ਸਿੰਘ, ਭਾਈ ਮਾਨ ਸਿੰਘ, ਭਾਈ ਨਬੀ ਖਾਂ-ਗਨੀ ਖਾਂ ਦੇ ਨਾਲ ਰੇਰੂ ਦੇ ਦਰੱਖਤ ਥੱਲੇ ਆਰਾਮ ਕੀਤਾ। ਇਸ ਨਗਰ ਵਿਚ ਜਗਤੀਆ ਨਾਮ ਦਾ ਆਦਮੀ ਜੋ ਸਾਰੇ ਪਿੰਡ ਕੋਲੋਂ ਮਾਮਲਾ ਲੈਂਦਾ ਸੀ ਜੋ ਔਰੰਗਜੇਬ ਬਾਦਸਾਹ ਦਾ ਬੰਦਾ ਸੀ ਉਸ ਦਾ ਭਤੀਜਾ ਭਾਰਾ ਮੱਲ ਜੋ ਪਿੰਡ ਵਿਚ ਰਹਿੰਦਾ ਸੀ, ਗੁਰੂ ਜੀ ਦਾ ਆਉਂਣਾ ਸੁਣ ਕੇ ਗੁਰੂ ਜੀ ਦੇ ਲਈ ਦੁੱਧ ਲੈ ਕੇ ਆਇਆ। ਗੁਰੂ ਜੀ ਨੇ ਪੁੱਛਿਆ ਤੇਰਾ ਕੀ ਨਾਮ ਹੈ ਤਾਂ ਉਸ ਨੇ ਕਿਹਾ ਗੁਰੂ ਜੀ ਸਾਰੇ ਮੈਨੂੰ ਭਾਰਾ ਕਹਿੰਦੇ ਹਨ। ਗੁਰੂ ਜੀ ਨੇ ਕਿਹਾ ਤੂੰ ਭਾਰਾ ਹੀ ਹੈ ਤੇਰੀ ਬੰਸ਼ ਬਹੁਤ ਵਧੇਗੀ ਇਹ ਵਰ ਦਿੱਤਾ। ਜੋ ਕਿ ਮਾਂਗਟ ਗੋਤ ਨਾਲ ਸਬੰਧਤ ਹੈ। ਇਸ ਅਸਥਾਨ ’ਤੇ ਸੰਤ ਬਾਬਾ ਅਤਰ ਸਿੰਘ ਜੀ ਨੇ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ ਤੇ ਗੁਰਸਿੱਖੀ ਦਾ ਪ੍ਰਚਾਰ ਕੀਤਾ। "ਆਪਿ ਜਪਹੁ ਅਵਰਹਿ ਨਾਮ ਜਪਾਵਹੁ।" ਦੇ ਮੁੱਖਵਾਕ ਅਨੁਸਾਰ ਆਪ ਵੀ ਬੰਦਗੀ ਕੀਤੀ। ਆਪ ਜੀ ਨੇ ਸੰਤਾਂ ਵਾਲੀ ਉਪਾਧੀ ਨੂੰ ਨਹੀਂ ਅਪਣਾਇਆ। ਇਕ ਵਾਰੀ ਪਟਿਆਲੇ ਦਾ ਮਹਾਰਾਜਾ ਸੰਤ ਪਾਸ ਦਰਸ਼ਨ ਕਰਨ ਆਇਆ। ਸੰਤ ਬਾਬਾ ਅਤਰ ਸਿੰਘ ਜੀ ਹੱਥਾਂ ਨਾਲ ਪੱਠੇ ਕੁਤਰ ਰਹੇ ਸਨ। ਰਾਜਾ ਕਹਿਣ ਲੱਗਾ ਮੈਂ ਸੰਤਾਂ ਦੇ ਦਰਸ਼ਨ ਕਰਨੇ ਹਨ ਤਾਂ ਸੰਤਾਂ ਨੇ ਕਿਹਾ ਪਹਿਲਾ ਲੰਗਰ ਵਿਚ ਪ੍ਰਸ਼ਾਦਾ ਛੱਕ ਲਵੋ, ਮਹਾਰਾਜਾ ਪ੍ਰਸ਼ਾਦਾ ਛੱਕ ਕੇ ਕਹਿਣ ਲੱਗਾ ਮੈਨੂੰ ਸੰਤਾਂ ਦੇ ਦਰਸ਼ਨ ਕਰਾਉ ਤਾਂ ਸੰਤਾਂ ਨੇ ਮਹਾਰਾਜੇ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਾਹਮਣੇ ਲਿਆ ਕੇ ਕਿਹਾ ਅਸਲ ਸੰਤ ਇਹ ਗੁਰੂ ਗ੍ਰੰਥ ਸਾਹਿਬ ਹੀ ਹਨ। ਇਨ੍ਹਾਂ ਦੇ ਹੀ ਦਰਸ਼ਨ ਕਰੋ। ਇਹਨਾਂ ਤੋਂ ਵਰਸਾਏ ਸੰਤ ਭਗਵਾਨ ਸਿੰਘ ਜੀ ਨੇ ਅੱਗੇ ਸਿੱਖ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ। ਇਸ ਅਸਥਾਨ ਦੀ ਸੇਵਾ ਵੀ ਸੰਤ ਭਗਵਾਨ ਸਿੰਘ ਜੀ ਨੇ ਸੰਗਤਾਂ ਦੇ ਸਹਿਯੋਗ ਨਾਲ ਕਰਵਾਈ ਅਤੇ ਸੰਤ ਭਗਵਾਨ ਸਿੰਘ ਜੀ ਆਪਣੇ ਹੁੰਦਿਆਂ ਹੀ ਇਸ ਅਸਥਾਨ ਦੀ ਸੇਵਾ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਨੂੰ ਸੌਂਪ ਗਏ।



## ਈਸਾਈਆਂ ਨੂੰ ਨੱਥੂ ਖੈਰਾ ਟਾਈਪ ਲੀਡਰਾਂ ਤੋਂ ਮੁਕਤੀ ਦੁਆਓ - ਕੈਪਟਨ ਤੋਂ ਮਸੀਹੀ ਦਲ ਦੀ ਮੰਗ



ਫਰੈਡੀ ਜੋਜ਼ਫ

ਜਲੰਧਰ - ਮਸੀਹੀ ਦਲ ਪੰਜਾਬ ਨੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੋਂ ਮੰਗ ਕੀਤੀ ਹੈ ਕਿ ਈਸਾਈਆਂ ਨੂੰ ਉਨ੍ਹਾਂ ਨੱਥੂ ਖੈਰਾ ਟਾਈਪ ਈਸਾਈ ਲੀਡਰਾਂ ਤੋਂ ਮੁਕਤੀ ਦੁਆਓ ਜੋ ਕਿ ਪਿਛਲੇ 70 ਸਾਲ ਤੋਂ ਈਸਾਈਆਂ ਦੇ ਆਰਥਿਕ, ਸਮਾਜਿਕ, ਵਿਦਿਅਕ ਅਤੇ ਸਭਿਆਚਾਰਕ ਵਿਕਾਸ ਵਿੱਚ ਰੋੜਾ ਬਣੇ ਹੋਏ ਹਨ ਅਤੇ ਜਿਨ੍ਹਾਂ ਕਾਰਣ ਪਿਛਲੇ 70 ਸਾਲ ਵਿੱਚ ਕਿਸੇ ਵੀ ਸਰਕਾਰੀ ਸਕੀਮ ਦਾ ਲਾਭ ਈਸਾਈਆਂ ਨੂੰ ਨਹੀਂ ਹੋਇਆ।

ਇਹ ਨੱਥੂ ਖੈਰਾ ਟਾਈਪ ਸੂਬਾ, ਰਾਸ਼ਟਰ ਤੇ ਅੰਤਰ ਰਾਸ਼ਟਰੀ ਫਰਜ਼ੀ ਜਥੇਬੰਦੀਆਂ ਬਣਾ ਕੇ ਬੈਠੇ ਹਨ ਅਤੇ ਜਦ ਨਵੀਂ ਸਰਕਾਰ ਆਉਂਦੀ ਹੈ ਤਾਂ ਇਹ ਇਨ੍ਹਾਂ ਫਰਜ਼ੀ ਜਥੇਬੰਦੀਆਂ ਦੇ ਲੈਟਰ ਪੈਡਾਂ ਤੇ ਸਰਕਾਰ ਨੂੰ ਅਰਜ਼ੀਆਂ ਦੇ ਕੇ ਅਤੇ ਅਖਬਾਰੀ ਬਿਆਨਾਂ ਰਾਹੀਂ ਸਰਕਾਰ ਤੇ ਪ੍ਰਭਾਵ ਬਣਾ ਕੇ ਸਰਕਾਰ ਤੋਂ ਸਿਆਸੀ ਸੀਟਾਂ ਲੈ ਲੈਂਦੇ ਹਨ ਅਤੇ ਕੌਮ ਦਾ ਕਿਸੇ ਪੱਖੋਂ ਵਿਕਾਸ ਨਹੀਂ ਕਰਦੇ ਜਿਸ ਦਾ ਨਤੀਜਾ ਇਹ ਹੈ ਕਿ ਪਿਛਲੇ 70 ਸਾਲ ਤੋਂ ਈਸਾਈ ਕੌਮ ਹਰ ਪੱਖੋਂ ਹਰ ਖੇਤਰ ਵਿੱਚ ਸਭ ਤੋਂ ਪਿਛੇ ਚਲ ਰਹੀ ਹੈ।

ਜੋ ਲੋਕ ਸਰਕਾਰ ਵਿੱਚ ਮੌਜੂਦ ਸਿਆਸੀ ਸੀਟਾਂ ਹੜਪਣ ਲਈ ਘਾਉਂ ਮਾਊਂ ਹੁੰਦੇ ਹਨ, ਉਨ੍ਹਾਂ ਨੂੰ ਸੀਟਾਂ ਦੇਣ ਸਮੇਂ ਹੇਠ ਲਿਖੀਆਂ ਗੱਲਾਂ ਦਾ ਧਿਆਨ ਰੱਖਿਆ ਜਾਵੇ।

(ੳ) ਇਨ੍ਹਾਂ ਤੋਂ ਲਿਖਤੀ ਤੌਰ ਤੇ ਲਿਆ ਜਾਵੇ ਕਿ ਇਨ੍ਹਾਂ ਦੀ ਜਥੇਬੰਦੀ ਦੇ ਬਲਾਕ ਪਧਰ, ਤਹਿਸੀਲ ਪਧਰ, ਜ਼ਿਲਾ ਪਧਰ ਤੇ ਸੂਬਾ ਪੱਧਰ ਜਾਂ ਰਾਸ਼ਟਰੀ ਪੱਧਰ ਦੇ ਯੁਨਿਟ ਕਿਥੇ ਕਿਥੇ ਹਨ। ਉਨ੍ਹਾਂ ਨੇ ਈਸਾਈ ਕੌਮ ਦਾ ਆਰਥਿਕ, ਸਮਾਜਿਕ, ਵਿਦਿਅਕ, ਸਭਿਆਚਾਰਕ ਪਖੋਂ ਕੋਈ ਅਧਿਐਨ ਕੀਤਾ ਹੈ ਤਾਂ ਉਸਦਾ ਵੇਰਵਾ -

(ਅ) ਪੰਜਾਬ ਦੇ ਈਸਾਈਆਂ ਦੀ ਅਬਾਦੀ ਕਿੰਨੀ ਹੈ (ੲ) ਕਿੰਨੇ ਲੋਕ ਬੇਘਰੇ ਹਨ, ਕਿੰਨੇ ਲੋਕ ਬੇਰੁਜ਼ਗਾਰ ਹਨ ਤੇ ਇਨ੍ਹਾਂ ਬੇਰੁਜ਼ਗਾਰਾਂ ਦੀਆਂ ਕਿਸਮਾਂ ਕੀ ਕੀ ਹਨ, ਵਿਦਿਅਕ ਖੇਤਰ ਵਿੱਚ ਈਸਾਈ ਵਿਦਿਆਰਥੀਆਂ ਨੂੰ ਕਿੰਨ੍ਹਾ ਕਿੰਨ੍ਹਾ ਮੁਸ਼ਕਿਲਾਂ ਦਾ ਸਾਮ੍ਹਣਾ ਕਰਨਾ ਪੈ ਰਿਹਾ ਹੈ ਅਤੇ ਉਹ ਸਰਕਾਰ ਕਿਵੇਂ ਦੂਰ ਸਕਦੀ ਹੈ (3) ਸਮਾਜਿਕ ਪਖੋਂ ਈਸਾਈਆਂ ਨੂੰ ਕੀ ਕੀ ਦਿੱਕਤਾਂ ਆ ਰਹੀਆਂ ਹਨ (4)

(ਬਾਕੀ ਸਫਾ 16 ਤੇ)


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
’ਦੇਸ਼ ਦੁਆਬਾ’ ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਸਤਿਗੁਰੂ ਸਵਾਮੀ ਈਸ਼ਵਰਦਾਸ ਮਹਾਰਾਜ ਦਾ 117ਵਾਂ ਪ੍ਰਕਾਸ਼ ਦਿਵਸ ਮਨਾਇਆ









**ਹੁਸ਼ਿਆਰਪੁਰ–** ਸਤਿਗੁਰੂ ਜੀ ਦੀ ਅਪਾਰ ਕਿਰਪਾ ਅਤੇ ਦੇਸ਼ ਵਿਦੇਸ਼ ਦੀਆਂ ਸਾਰੀਆਂ ਆਦਿ ਧਰਮੀ ਨਾਮ ਲੇਵਾ ਸਾਧ ਸੰਗਤ ਦੇ ਸਹਿਯੋਗ ਨਾਲ ਆਦਿ ਧਰਮ ਦੇ ਮਹਾਨ ਰਹਿਬਰ ਅਤੇ ਆਦਿ ਧਰਮ ਦੇ ਮਹਾਨ ਗ੍ਰੰਥ ਸ੍ਰੀ ਗੁਰੂ ਆਦਿ ਪ੍ਰਕਾਸ਼ ਜੀ ਦੇ ਰਚੇਤਾ, ਸਤਿਗੁਰੂ ਸਵਾਮੀ ਈਸ਼ਵਰਦਾ ਮਹਾਰਾਜ ਜੀ ਦਾ 117 ਵਾਂ ਪ੍ਰਕਾਸ਼ ਦਿਵਸ ਬੀਤੀ 28 ਮਈ ਦਿਨ ਐਤਵਾਰ ਨੂੰ ਆਦਿ ਦੁਆਰਾ ਆਨੰਦਗੜ੍ਹ, ਜ਼ਿਲ੍ਹਾ ਹੁਸ਼ਿਆਰਪੁਰ ਵਿਚ ਸ੍ਰੀ ਗੁਰੂ ਆਦਿ ਪ੍ਰਕਾਸ਼ ਗ੍ਰੰਥ ਜੀ ਦੀ ਹਜੂਰੀ ਵਿਚ ਬਹੁਤ ਹੀ ਸ਼ਰਧਾ ਨਾਲ ਮਨਾਇਆ ਗਿਆ।

ਇਸ ਸ਼ੁਭ ਅਵਸਰ ਤੇ 5 ਦਿਨ ਚੱਲੇ ਸ੍ਰੀ ਗੁਰੂ ਆਦਿ ਪ੍ਰਕਾਸ਼ ਗ੍ਰੰਥ ਜੀ ਦੇ ਸਹਿਜ ਪਾਠ ਦੇ ਭੋਗ ਉਪਰੰਤ ਸਤਿਸੰਗ ਕੀਰਤਨ ਦੀਵਾਨ ਸਜਾਏ ਗਏ। ਆਏ ਹੋਏ ਸੰਤਾਂ ਵਿਚੋਂ ਮੁੱਖ ਮਹਿਮਾਨ ਸੰਤ ਰਵੀਚਰਨ ਜੀ, ਸੰਤ ਸੁਏਮ ਦਾਸ ਜੀ, ਸੰਤ ਬੰਸੀ ਲਾਲ ਜੀ, ਸੰਤ ਪ੍ਰੀਤਮ ਦਾਸ ਜੀ ਨੇ ਅਤੇ ਮਿਸ਼ਨਰ ਰਾਗੀ, ਪ੍ਰਵੀਨ ਭਟੋਆ ਹੁਸਨ ਸਿੰਘ ਜੀ, ਸੋਨੀ ਸਾਗਰ ਜੀ, ਦੀਪ ਬਿੰਜੀ ਜੀ, ਕੁੰਦਨ ਦਾਸ ਜੀ ਨੇ ਸੰਗਤ ਨੂੰ ਕੀਰਤਨ ਦੁਆਰਾ ਨਿਹਾਲ ਕੀਤਾ। ਇਸਦੇ ਨਾਲ ਹੀ ਆਦਿ ਦੁਆਰਾ ਪ੍ਰਬੰਧਕ ਕਮੇਟੀ ਆਨੰਦਗੜ੍ਹ ਦੁਆਰਾ ਸ੍ਰੀ ਗੁਰੂ ਆਦਿ ਪ੍ਰਕਾਸ਼ ਗ੍ਰੰਥ ਜੀ ਦੀ ਸ਼ਬਦ ਕੀਰਤਨ ਦੀ ਡੀ. ਵੀ. ਡੀ. ਰਿਲੀਜ਼ ਕਰਕੇ ਸਮੂਹ ਸਾਧ ਸੰਗਤ ਨੂੰ ਭੇਟ ਕੀਤੀ ਗਈ।



ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਆਸ਼ੀਰਵਾਦ ਸਦਕਾ ਨਵੀਂ ਐਲਬਮ ਜਿਸ ਨੂੰ ਮਿਸ਼ਨਰੀ ਗਾਇਕ ਵਿੱਕੀ ਬਹਾਦਰਕੇ (7814444471) ਨੇ ਤਿਆਰ ਕੀਤਾ ਹੈ, ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਪਾਵਨ ਪਵਿੱਤਰ ਧਰਤੀ ਚਰਨ ਛੋਹ ਗੰਗਾ ਖੁਰਾਲਗੜ੍ਹ ਸਾਹਿਬ ਵਿਖੇ ਰਿਲੀਜ਼ ਕੀਤੀ ਗਈ। ਸੰਤ ਸਰਵਣ ਦਾਸ ਜੀ ਨੇ ਆਪਣੇ ਕਰ ਕਮਲਾਂ ਨਾਲ ਆਸ਼ੀਰਵਾਦ ਦੇ ਕੇ ਇਸ ਐਲਬਮ ਨੂੰ ਰਿਲੀਜ਼ ਕੀਤਾ। ਇਸ ਮੌਕੇ ਸੰਤ ਸਤਵਿੰਦਰ ਜੀਤ ਹੀਰਾ ਜੀ ਨੇ ਵੀ ਵਿਸ਼ੇਸ਼ ਯੋਗਦਾਨ ਦਿੱਤਾ। ਇਹ ਐਲਬਮ ਗਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ ਦੇ ਜੀਵਨ 'ਤੇ ਆਧਾਰਿਤ ਹੈ। ਇਸ ਐਲਬਮ ਨੂੰ ਉਘੇ ਮਿਸ਼ਨਰੀ ਲੇਖਕ ਸਤਪਾਲ ਸਾਹਲੋ ਜੀ ਅਤੇ ਤੀਰਥ ਰਾਮ ਨੇ ਪੇਸ਼ ਕੀਤਾ।

## ਸਿਰਮੌਰ ਨਾਟਕਕਾਰ ਪ੍ਰੋ: ਔਲਖ ਅਤੇ ਵਿਦਵਾਨ ਲੇਖਕ ਰਾਮੂਵਾਲੀਆ ਦੇ ਅਕਾਲ ਚਲਾਣੇ ਤੇ ਸ਼ੋਕ ਇੱਕਤਰਤਾ



**ਚੰਡੀਗੜ (ਪ੍ਰੀਤਮ ਲੁਧਿਆਣਵੀ)–** ਸਾਹਿਤ ਸਭਾ ਗੁਰਦਾਸਪੁਰ (ਰਜਿ:) ਦੀ ਅਹਿਮ ਇਕੱਤਰਤਾ ਸਭਾ ਦੇ ਪ੍ਰਧਾਨ ਜੇ. ਪੀ. ਸਿੰਘ ਖਰਲਾਂਵਾਲਾ ਦੀ ਪ੍ਰਧਾਨਗੀ ਹੇਠ ਹੋਈ।

ਸਭਾ ਦੇ ਜਨਰਲ ਸਕੱਤਰ ਗੁਰਮੀਤ ਸਿੰਘ ਪਾਹੜਾ ਨੇ ਪ੍ਰੈੱਸ ਨੂੰ ਬਿਆਨ ਜਾਰੀ ਕਰਦਿਆਂ ਦੱਸਿਆ ਕਿ ਇਸ ਇਕ–ਤਰਤਾ ਵਿੱਚ ਗੁਰਸ਼ਰਨ ਸਿੰਘ ਥੀਏਟਰ ਗਰੁੱਪ ਗੁਰਦਾਸਪੁਰ ਵਲੋਂ ਰੌਕੀ ਸ਼ਹਿਰੀਆ, ਲੋਕ ਲਿਖਾਰੀ ਸਭਾ ਗੁਰਦਾਸਪੁਰ ਦੇ ਜਨਰਲ ਸਕੱਤਰ ਰਜੇਸ਼ ਬੱਬੀ, ਵਰਿੰਦਰ ਸਿੰਘ ਸੈਣੀ ਚਿਲਡਰਨ ਵੈਲਫੇਅਰ ਸੋਸਾਇਟੀ ਗੁਰਦਾਸਪੁਰ, ਰਛਪਾਲ ਸਿੰਘ ਘੁੰਮਣ ਨਟਾਲੀ ਰੰਗ ਮੰਚ ਗੁਰਦਾਸਪੁਰ, ਡਾਕਟਰ ਗੁਰਬੀਰ ਸਿੰਘ ਪ੍ਰਧਾਨ ਸਟਾਰ ਯੂਥ ਕਲੱਬ ਰਜਿ ਗੁਰਦਾਸਪੁਰ, ਸਭਾ ਦੇ ਵਿਤ ਸਕੱਤਰ ਜਨਕ ਰਾਜ ਰਾਠੌਰ, ਵਿਜੇ ਬੱਧਣ, ਰਜਿੰਦਰ ਸਿੰਘ ਦਿਉਲ, ਮਾਸਟਰ ਕੁਲਦੀਪ ਸਿੰਘ, ਡਾਕਟਰ ਸਾਮਰਾਜ, ਅਮਰੀਕ ਸਿੰਘ ਧੂਤ, ਸਰਬਜੀਤ ਸਿੰਘ ਸੈਣੀ ਤੇ ਕੇ ਪੀ ਸਿੰਘ ਆਦਿ ਹਾਜ਼ਰ ਹੋਏ । ਇਹ ਇੱਕਤਰਤਾ ਸਿਰਮੌਰ ਨਾਟਕਕਾਰ ਪ੍ਰੋਫੈਸਰ ਅਜਮੇਰ ਸਿੰਘ ਔਲਖ ਅਤੇ ਵਿਦਵਾਨ ਲੇਖਕ ਇਕਬਾਲ ਸਿੰਘ ਰਾਮੂਵਾਲੀਆ ਦੇ ਅਕਾਲ– ਚਲਾਣੇ ਤੇ ਸ਼ੋਕ ਵਜੋਂ ਕੀਤੀ ਗਈ। ਸ੍ਰ: ਪਾਹੜਾ ਜੀ ਨੇ ਇਹਨਾਂ ਮਹਾਨ ਸ਼ਖਸੀਅਤਾਂ ਦੀ ਮਾਂ–ਬੋਲੀ ਪੰਜਾਬੀ ਨੂੰ ਵੱਡਮੁੱਲੀ ਦੇਣ ਬਾਰੇ ਜਾਣਕਾਰੀ ਦਿੰਦਿਆ ਕਿਹਾ ਕਿ ਇੰਨਾ ਦੇ ਜਹਾਨੋਂ ਤੁਰ ਜਾਣ ਨਾਲ ਪੰਜਾਬੀ ਸਾਹਿਤ–ਜਗਤ ਅਤੇ ਸਮਾਜ ਨੂੰ ਨਾ ਪੂਰਿਆ ਜਾਣ ਵਾਲਾ ਘਾਟਾ ਪਿਆ ਹੈ। ਉਨਾ ਦਸਿਆ ਕਿ ਇਹ ਦੋਵੇਂ ਸ਼ਖਸੀਅਤਾਂ ਕੈਂਸਰ ਵਰਗੀ ਭਿਆਨਕ ਨਾਮੁਰਾਦ ਬਿਮਾਰੀ ਤੋਂ ਪੀੜਤ ਸਨ।

AAA
AUTO AND BODY WORKS
ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।
We Do Complete Engine Transmission, Body and Paint Work We Sell Used Cars at a Good Price

Free Estimates
Free Towing
510- 733- 2222
1421 Industrial PKWY West#F Hayward, CA 94544

Prop: Jasbir Singh Takhar
510-755-2132
Harmandeep Singh

Capital Services, ਸੈਕਰਾਮੈਂਟੋ
ਟਰੱਕਾਂ ਵਾਲਿਆਂ ਲਈ ਹੁਣ IRP ਪਲੇਟਾਂ ਲੈਣੀਆਂ ਹੋਈਆਂ ਅਸਾਨ !
ਸੈਕਰਾਮੈਂਟੋ, ਕੈਲੀਫੋਰਨੀਆਂ ਤੋਂ ਲਵੋ ਤੁਰੰਤ IRP Plates
IRP Plates for 48 States- Same day Plates
TRUCKING SERVICES:
IRP PLATES
IFTA- FUEL TAX RETURNS
MC, US DOT #
CA #, MCP, EPN ENROLLMENTS
TITLE TRANSFER
Capital services
PERSONAL CAR SERVICES: (Approved by CA DMV )
ਕਾਰਾਂ ਦੀ ਤੁਰੰਤ ਟ੍ਰਾਂਸਫਰ ਕਾਰਾਂ ਦੀਆਂ ਤੁਰੰਤ ਪਲੇਟਾਂ ਤੇ ਸਟਿੱਕਰ, ਡੁਪਲੀਕੇਟ ਟਾਈਟਲ ਤੇ ਹੋਰ
Vin Verification (Approved by CA DMV ਕਰਵਾਉਣ ਲਈ ਲਈ ਵੀ ਸੰਪਰਕ ਕਰੋ
INSURANCE SERVICES:
ਕਿਸੇ ਤਰਾਂ ਦੀ ਵੀ ਇੰਸ਼ੋਰੈਂਸ ਲੈਣ ਲਈ
COVERED CALIFORNIA (ਉਬਾਮਾ ਕੇਅਰ)
*Auto *Home *Business *Truck *Life *Medical *Special Events & others
ਹੋਰ ਸੇਵਾਵਾਂ
ਵੀਜਾ ਤੇ ਪਾਸਪੋਰਟ * ਫੈਮਲੀ ਪਟੀਸ਼ਨ * ਸਰੈਂਡਰ ਸਰਟੀਫਿਕੇਟ * ਓ ਸੀ ਆਈ * ਗਰੀਨ ਕਾਰਡ * ਸਿਟੀਜਨਸ਼ਿਪ * ਐਫੀਡੇਵਿਟ ਆਫ ਸਪੋਰਟ ਆਦਿ
OTHER SERVICES:
Live Scan / Fingerprints, Notary Public/ ਨੋਟਰੀ ਪਬਲਿਕ, Mail Box Business Cards, International Driver Lic., Translation Docs, Banners, Print, Copy, Fax etc.
For Legal Services, Once a week Attorney at your service.
ਕਿਸੇ ਵੀ ਜਾਣਕਾਰੀ ਲਈ Call (916) 427-4321
6624 Florin Road Sacramento CA 95828
Email : sacramento99@yahoo.com
Website : www.capitalservices.us

# ਬੈਡਫੋਰਡ ਵਿਚ ਡਾ: ਅੰਬੇਡਕਰ ਜੀ ਦਾ 126ਵਾਂ ਜਨਮ ਦਿਵਸ ਮਨਾਇਆ























**ਬੈਡਫੋਰਡ–** ਯੂ ਕੇ ਭਰ ਵਿਚ ਬੈਡਫੋਰਡ ਹੀ ਇਕ ਅਜੇਹਾ ਸਹਿਰ ਹੈ ਜਿਥੇ ਭਾਰਤ ਦੇ ਮਹਾਨ ਸਪੂਤ, ਦਬਿਆਂ ਕੁਚਲਿਆਂ ਦੇ ਮੁਕਤੀ ਦਾਤਾ ਅਤੇ ਭਾਰਤ ਦੇ ਸਵਿਧਾਨ ਨਿਰਮਾਤਾ ਡਾ: ਅੰਬੇਡਕਰ ਦਾ ਜਨਮ ਦਿਵਸ ਵਖ ਵਖ ਸੰਸਥਾਵਾਂ ਵਲੋਂ ਹਰ ਸਾਲ ਰਲ ਮਿਲ ਕੇ ਮਨਾਇਆ ਜਾਂਦਾ ਹੈ। ਇਸ ਵਾਰ ਵੀ ਅੰਬੇਡਕਰ ਮਿਸ਼ਨ ਸੁਸਾਇਟੀ ਬੈਡਫੋਰਡ ਅਤੇ ਸ੍ਰੀ ਗੁਰੂ ਰਵਿਦਾਸ ਸਭਾ ਬੈਡਫੋਰਡ ਵਲੋਂ ਡਾ ਅੰਬੇਡਕਰ ਜੀ ਦਾ 126 ਵਾਂ ਜਨਮ ਦਿਨ ਸ੍ਰੀ ਗੁਰੂ ਰਵਿਦਾਸ ਕਮਿਉਨਿਟੀ ਸੈਂਟਰ ਬੈਡਫੋਰਡ ਵਿਖੇ ਬਹੁਤ ਹੀ ਧੂਮ ਨਾਲ ਇਕੱਠਿਆਂ ਮਨਾਇਆ ਗਿਆ ਜਿਸ ਵਿਚ ਭਗਵਾਨ ਵਾਲਮੀਕ ਸਭਾ ਬੈਡਫੋਰਡ ਸਮੇਤ ਯੂ ਕੇ ਭਰ ਦੀਆਂ ਕਈ ਸੰਸਥਾਵਾਂ ਨੇ ਵੀ ਭਾਗ ਲਿਆ।ਇਸ ਸ਼ੁਭ ਅਵਸਰ ਤੇ ਸ੍ਰੀ ਐਮ ਕੇ ਪਰਮਾਰ, ਭੂਤਪੂਰਵ ਡਾਇਰੈਕਟਰ ਦੂਰਦਰਸ਼ਨ, ਗੁਜਰਾਤ, ਪ੍ਰੋਫੈਸਰ ਪ੍ਰਕਾਸ਼ ਪਵਾਰ, ਵਾਇਸ ਪ੍ਰਿਸੀਂਪਲ ਅਤੇ ਰਾਜਨੀਤੀ ਸ਼ਾਸਤਰ ਵਿਭਾਗ ਦੇ ਮੁਖੀ, ਫਰਗੂਸਨ ਕਾਲਿਜ ਪੂਨੇ, ਡਾ ਜੈਆਸ਼੍ਰੀ ਅੰਬੇਵਾਡਿਕਰ, ਪ੍ਰੋਫੈਸਰ, ਸੈਂਟਰਲ ਯੂਨੀਵਰਸਿਟੀ ਆਫ ਗੁਜਰਾਤ ਅਤੇ ਬਜਿੰਦਰ ਸਿੰਘ ਆਈ ਪੀ ਐਸ (ਸੇਵਾ ਮੁਕਤ), ਡਾਇਰੈਕਟਰ ਜਨਰਲ ਪੁਲੀਸ , ਉੱਤਰ ਪ੍ਰਦੇਸ਼ ਵਿਸ਼ੇਸ਼ ਤੌਰ ਤੇ ਭਾਰਤ ਤੋਂ ਆਏ ਹੋਏ ਸਨ। ਬੈਡਫੋਰਡ ਦੇ ਐਮ ਪੀ ਰਿਚਰਡ ਫੁਲਰ ਅਤੇ ਲੇਬਰ ਪਾਰਟੀ ਤੋਂ ਕਾਉਂਸਲਰ ਮੁਹੰਮਦ ਯੈਸੀਨ ਜੋ ਕਿ ਲੇਬਰ ਪਾਰਟੀ ਤੋਂ ਪਾਰਲੀਂਮੈਂਟਰ ਵਾਸਤੇ ਉਮੀਦਵਾਰ ਹਨ, ਨੇ ਵੀ ਆਪਣੀ ਹਾਜ਼ਰੀ ਲਗਵਾਈ।

ਸ਼੍ਰੀ ਜਸਵਿੰਦਰ ਕੁਮਾਰ, ਪ੍ਰਧਾਨ ਸ੍ਰੀ ਗੁਰੂ ਰਵਿਦਾਸ ਸਭਾ ਬੈਡਫੋਰਡ ਨੇ ਆਪਣੇ ਸਵਾਗਤੀ ਭਾਸ਼ਨ ਵਿਚ ਬਾਬਾ ਸਾਹਿਬ ਜੀ ਦਾ ਜਨਮ ਦਿਨ ਰਲ ਮਿਲ ਇਕੱਠੇ ਮਨਾਉਣ ਵਿਚ ਖੁਸੀ ਪਰਗਟ ਕੀਤੀ ਅਤੇ ਕਿਹਾ ਕਿ ਡਾ ਅੰਬੇਡਕਰ ਅਤੇ ਸ੍ਰੀ ਗੁਰੂ ਰਵਿਦਾਸ ਜੀ ਨੇ ਆਪਸੀ ਭਾਈਚਾਰੇ ਅਤੇ ਇਕੱਠ ਉਪਰ ਜ਼ੋਰ ਦਿਤਾ ਸੀ। ਡਾ ਅੰਬੇਡਕਰ ਜੀ ਦਾ ਇਕੱਠੇ ਰਲ ਕੇ ਜਨਮ ਦਿਨ ਮਨਾਉਂਣਾ ਆਪਣੇ ਮਹਾਂਪੁਰਸ਼ਾ ਦੇ ਸੁਪਨਿਆ ਨੂੰ ਪੂਰਾ ਕਰਨ ਦਾ ਇਕ ਉਪਰਾਲਾ ਹੈ। ਐਮ ਕੇ ਪਰਮਾਰ ਨੇ ਵੀ ਦੋਹਾਂ ਮਹਾਂਪੁਰਸ਼ਾਂ ਦੇ ਵਿਚਾਰਾਂ ਨੂੰ ਸਮਾਨ ਦਸਿਆਂ ਅਤੇ ਕਿਹਾ ਕਿ ਕੁਝ ਲੋਕ ਮਹਾਂਪੁਰਸ਼ਾਂ ਦੇ ਨਾਂ ਤੇ ਦਲਿਤ ਭਾਇਚਾਰੇ ਨੂੰ ਵੰਡ ਕੇ ਰਖਣਾ ਚਾਹੁੰਦੇ ਹਨ ਤਾਂ ਕਿ ਉਨ੍ਹਾਂ ਦਾ ਸਮਾਜ ਵਿਚ ਬੋਲ ਬਾਲਾ ਬਣਿਆ ਰਹੇ।

ਸ੍ਰ ਬਜਿੰਦਰ ਸਿੰਘ ਨੇ ਉਤਰ ਪ੍ਰਦੇਸ ਵਿਚ ਮੌਜੂਦਾ ਹਾਲਾਤ ਤੇ ਚਾਨਣਾ ਪਾਉਂਦਿਆਂ ਦਸਿਆ ਕਿ ਡਾ: ਅੰਬੇਡਕਰ ਅਤੇ ਬਾਬੂ ਕਾਂਸੀ ਰਾਮ ਜੀ ਦੇ ਵਿਚਾਰਾਂ ਤੋਂ ਪਰਭਾਵਿਤ ਹੋ ਕੇ ਦਲਿਤ ਭਾਈਚਾਰਾ ਜਾਗਰਿਤ ਹੋ ਰਿਹਾ ਹੈ। ਇਸ ਜਾਗ੍ਰਿਤੀ ਸਦਕਾ ਹੀ ਭੈਣ ਮਾਇਆਵਤੀ ਭਾਰਤ ਦੇ ਸਭ ਤੋਂ ਵਡੇ ਰਾਜ ਉਤਰ ਪ੍ਰਦੇਸ ਦੀ ਚਾਰ ਵਾਰ ਮੁਖ ਮੰਤਰੀ ਬਣ ਸਕੀ। ਦਲਿਤਾਂ ਉਪਰ ਵਧ ਰਹੇ ਅਤਿਆਚਾਰਾਂ ਦਾ ਕਾਰਣ ਵੀ ਜਾਗ੍ਰਿਤੀ ਹੀ ਹੈ ਕਿਉਂਕਿ ਦਲਿਤ ਹੁਣ ਆਪਣੇ ਹਕਾਂ ਵਾਸਤੇ ਖੜੇ ਹੋ ਰਹੇ ਹਨ ਜਿਸ ਕਰਕੇ ਦਲਿਤਾਂ ਅਤੇ ਅਖੌਤੀ ਉਚ ਜਾਤੀਆਂ ਵਿਚਕਾਰ ਟਕਰਾਓ ਪੈਦਾ ਹੋ ਰਿਹਾ ਹੈ। ਪ੍ਰੋਫੈਸਰ ਪਵਾਰ ਨੇ ਡਾ ਅੰਬੇਡਕਰ ਦੇ ਵੱਖ 2 ਪਹਿਲੂਆਂ ਤੇ ਚਾਨਣਾ ਪਾਉਂਦੇ ਦਸਿਆ ਕਿ ਸ਼ਿਖਸ਼ਾ ਸਭ ਤੋਂ ਵਡਾ ਹਥਿਆਰ ਹੈ ਜਿਸ ਨਾਲ ਵਡੇ ਤੋਂ ਵਡੇ ਦੁਸ਼ਮਣ ਉਪਰ ਜਿਤ ਪ੍ਰਾਪਤ ਕੀਤੀ ਜਾ ਸਕਦੀ ਹੈ। ਹੁਣ ਡਾ ਅੰਬੇਡਕਰ ਦਾ ਆਕਾਰ ਏਨਾ ਵਡਾ ਹੋ ਗਿਆ ਕਿ ਅਜ ਕਲ ਸਭ ਉਸ ਦਾ ਜਨਮ ਦਿਨ ਮਨਾ ਰਹੇ ਹਨ ਚਾਹੇ ਉਹ ਉਸ ਦੇ ਵਿਚਾਰਾਂ ਨਾਲ ਸਹਿਮਤ ਹੋਣ ਜਾਂ ਨਾ। ਅਜੇਹੇ ਲੋਕਾਂ ਤੋਂ ਸਾਵਧਾਨ ਰਹਿਣ ਦੀ ਜ਼ਰੂਰਤ ਹੈ। ਡਾ ਜੈਆਸ਼੍ਰੀ ਅੰਬੇਵਾਡਿਕਰ ਨੇ ਡਾ ਅੰਬੇਡਕਰ ਦੇ ਔਰਤਾਂ ਪ੍ਰਤੀ ਕੀਤੇ ਕੰਮਾਂ ਵਾਰੇ ਵਿਸਥਾਰ ਨਾਲ ਦਸਿਆ ਕਿ ਬਾਕੀ ਦੇਸ਼ਾ ਵਿਚ ਔਰਤਾਂ ਨੇ ਅਧਿਕਾਰ ਪ੍ਰਾਪਤੀ ਵਾਸਤੇ ਕਈ ਸੰਘਰਸ਼ ਵਿਡੇ। ਪਰ ਭਾਰਤ ਵਿਚ ਡਾ ਅੰਬੇਡਕਰ ਨੇ ਇਕ ਕਲਮ ਦੀ ਨੋਕ ਨਾਲ ਸਾਰੀਆਂ ਔਰਤਾਂ ਨੂੰ ਵੋਟ ਦਾ ਅਧਿਕਾਰ ਦੇ ਦਿਤਾ। ਹਿੰਦੂ ਕੋਡ ਬਿਲ ਨਾ ਪਾਸ ਹੋਣ ਕਾਰਣ ਔਰਤਾਂ ਖਾਤਰ ਉਸ ਨੇ ਆਪਣੇ ਮੰਤਰੀ ਪਦ ਤੋਂ ਅਸਥੀਵਾ ਦੇ ਦਿਤਾ। ਰਣਜੀਤ ਬੋਧ ਨੇ ਯੂ ਪੀ ਵਿਚ ਹੋਈਆਂ ਚੋਣਾਂ ਦੌਰਾਨ ਈ ਵੀ ਐਮ ਘੋਟਾਲੇ ਅਤੇ ਸਹਾਰਨਪੁਰ ਵਿਚ ਦਲਿਤਾਂ ਤੇ ਹੋਏ ਅਤਿਆਚਾਰਾਂ ਵਿਰੁਧ ਦਿਨ ਵਰਿਵਾਰ 1 ਜੂਨ 2017 ਨੂੰ ਭਾਰਤੀ ਹਾਈ ਕਮਿਸ਼ਨ ਸਾਹਮਣੇ 3.30 ਤੋਂ 5 ਵਜੇ ਤਕ ਹੋਣ ਵਾਲੇ ਰੋਸ ਮੁਜਾਹਰੇ ਵਿਚ ਭਾਗ ਲੈਣ ਦੀ ਅਪੀਲ ਕੀਤੀ ਤਾਂ ਕਿ ਭਾਰਤ ਵਿਚ ਮਨੁਖੀ ਅਧਿਕਾਰਾਂ ਪ੍ਰਤੀ ਜੂਝ ਰਹੇ ਦਲਿਤ ਭਾਈਚਾਰੇ ਨਾਲ ਹਮਦਰਦੀ ਪ੍ਰਗਟ ਕੀਤੀ ਜਾ ਸਕੇ।

ਅਰੁਨ ਕੁਮਾਰ, ਜਨਰਲ ਸਕਤਰ ਅੰਬੇਡਕਰ ਮਿਸ਼ਨ ਸੁਸਾਇਟੀ, ਬੈਡਫੋਰਡ ਨੇ ਕਿਹਾ ਜਾਤੀ ਵਿਤਕਰੇ ਸੰਬਧੀ ਕਾਨੂੰਨ ਲਾਗੂ ਕਰਨ ਵਾਸਤੇ ਸਰਕਾਰ ਨੇ ਪਬਲਿਕ ਕਨਸਲਟੇਸ਼ਨ ਸ਼ੁਰੂ ਕੀਤੀ ਹੋਈ ਹੈ ਜਿਸ ਵਿਚ ਸਭ ਨੂੰ ਭਾਗ ਲੈਣਾ ਚਾਹੀਦਾ ਹੈ ਅਤੇ ਆਪਣੇ ਵਿਚਾਰ ਜਾਤੀ ਵਿਤਕਰੇ ਨੂੰ ਕਨੂੰਨ ਵਿਚ ਲਿਆਉਂਣ ਦੇ ਹਕ ਵਿਚ ਦੇਣੇ ਚਾਹੀਦੇ ਹਨ। ਉਸ ਨੇ ਇਹ ਵੀ ਸੁਝਾ ਦਿਤਾ ਕਿ ਸਾਰੇ ਧਾਰਮਿਕ ਸਥਾਨਾ ਚਾਹੇ ਗੁਰੂ ਘਰ, ਮੰਦਰ ਜਾਂ ਬੁਧਾਵਿਹਾਰ ਹੋਣ, ਵਿਚ ਹਰ ਹਫਤੇ ਘਟੋ ਘਟ ਇਕ ਦਿਨ ਜਾਤੀ ਵਿਤਕਰੇ ਤੇ ਹੋ ਰਹੀ ਪਬਲਿਕ ਕਨਸਲਟੇਸ਼ਨ ਉਪਰ ਸਰਜਰੀ ਦਾ ਇੰਤਜਾਮ ਕਰਨਾ ਚਾਹੀਦਾ ਹੈ ਤਾਂ ਕਿ ਫਾਰਮ ਭਰਨ ਵਿਚ ਆਮ ਲੋਕਾਂ ਦੀ ਮਦਦ ਕੀਤੀ ਜਾ ਸਕੇ।ਰਿਚਰਡ ਫੁਲਰ ਐਮ ਪੀ ਜੋ ਕਿ ਹਮੇਸ਼ਾਂ ਇਸ ਕਾਨੂੰਨ ਦੇ ਹਕ ਵਿਚ ਰਿਹਾ ਹੈ, ਨੇ ਵੀ ਪਬਲਿਕ ਕਨਸਲਟੇਸ਼ਨ ਵਿਚ ਭਾਗ ਲੈਣ ਵਾਸਤੇ ਅਪੀਲ ਕੀਤੀ ਤਾਂ ਕਿ ਸਰਕਾਰ ਨੂੰ ਪਤਾ ਲਗ ਸਕੇ ਕਿ ਜਾਤੀ ਵਿਤਕਰੇ ਬਾਰੇ ਕਨੂੰਨ ਕਿਉਂ ਜ਼ਰੂਰੀ ਹੈ।ਸੈਮ ਕਲਿਆਣ, ਪ੍ਰਧਾਨ ਭਗਵਾਨ ਵਾਲਮੀਕ ਸਭਾ, ਬੈਡਫੋਰਡ ਨੇ ਵੀ ਇਸ ਕਨੂੰਨ ਨੂੰ ਲਾਗੂ ਕਰਨ ਤੇ ਜ਼ੋਰ ਦਿੰਦਿਆ ਕਿਹਾ ਡਾ ਅੰਬੇਡਕਰ ਨੇ ਆਪਣਾ ਸਾਰਾ ਜੀਵਨ ਜਾਤੀ ਵਿਤਕਰੇ ਨੂੰ ਦੂਰ ਕਰਨ ਵਾਸਤੇ ਲਗਾਇਆ। ਜੇ ਕਰ ਯੂ ਕੇ ਵਿਚ ਜਾਤੀ ਵਿਤਕਰੇ ਤੇ ਪਾਬੰਦੀ ਲਗਵਾਉਂਣ ਵਿਚ ਅਸੀਂ ਕਾਮਯਾਬ ਹੋ ਜਾਂਦੇ ਹਾਂ ਤਾਂ ਇਹ ਬਾਬਾ ਸਹਿਬ ਨੂੰ ਇਕ ਮਹਾਨ ਸ਼ਰਧਾਂਜਲੀ ਹੋਵੇਗੀ। ਸ੍ਰੀ ਗੌਤਮ ਚਕਰਵਰਤੀ, ਜੋਇੰਟ ਸਕਤਰ, ਯੂ ਕੇ ਦੀਆਂ ਬੋਧੀ ਅਤੇ ਅੰਬੇਡਕਰੀ ਸੰਸਥਾਵਾਂ ਦੀ ਫੈਡਰੇਸ਼ਨ (ਫੈਬੋ ਯੂ ਕੇ), ਹਰਬੰਸ ਵਿਰਦੀ, ਪੰਜਾਬ ਬੁਧਿਸਿਟ ਸੁਸਾਇਟੀ, ਯੂ ਕੇ, ਦਵਿੰਦਰ ਚੰਦੜ, ਸਮਾਜ ਵੀਕਲੀ, ਗੁਰਦਵਿੰਦਰ ਕੁਮਾਰ, ਪ੍ਰਧਾਨ ਡਾ ਅੰਬੇਡਕਰ ਬੁਧਿਸਿਟ ਆਰਗੇਨਾਈਜ਼ੇਸ਼ਨ, ਬਰਮਿੰਗਮ, ਨਿਰਮਲ ਸੋਧੀ ਅਤੇ ਦੇਸ ਰਾਜ ਮੈਹਮੀ ਨੇ ਵੀ ਡਾ ਅੰਬੇਡਕਰ ਨੂੰ ਸ਼ਰਧਾਂਜਲੀ ਭੇਟ ਕੀਤੀ। ਅਮਰੀਕ ਪਲਾਹੀ, ਗੁਰਮੇਲ ਸਿੰਘ, ਰਾਕੇਸ਼ ਸਿੰਘ ਅਤੇ ਬੀਬਾ ਰਜਿੰਦਰ ਬੈਂਸ ਨੇ ਆਪਣੀ ਮਧੁਰ ਅਵਾਜ਼ ਵਿਚ ਗੀਤ ਸੰਗੀਤ ਰਾਹੀਂ ਡਾ ਅੰਬੇਡਕਰ ਦੇ ਕੰਮਾਂ ਦੀ ਸ਼ਲਾਘਾ ਕੀਤੀ। ਇਸ ਮੌਕੇ ਤੇ ਬੈਡਫੋਰਡ ਦੇ ਗੀਤਕਾਰ ਸੀਬਾ ਦਰਦੀ ਦੀ ਲਿਖੀ ਪੁਸਤਕ 'ਅਣਖੀ ਯੋਧਾ–ਡਾ: ਬੀ ਆਰ ਅੰਬੇਡਕਰ' ਦੀ ਘੁੰਢ ਚੁਕਾਈ ਕੀਤੀ ਗਈ। ਸਟੇਜ ਦੀ ਕਾਰਵਾਈ ਅੰਬੇਡਕਰ ਮਿਸ਼ਨ ਸੁਸਾਇਟੀ ਦੇ ਜਨਰਲ ਸਕਤਰ, ਅਰੁਨ ਕੁਮਾਰ ਨੇ ਸੁਚੱਜੇ ਢੰਗ ਨਾਲ ਨਿਭਾਈ।

# ਬਸਪਾ ਦੀ ਇਮਾਨਦਾਰ ਅਤੇ ਮਜ਼ਬੂਤ ਲੀਡਰਸ਼ਿਪ ਪੈਦਾ ਕਰਾਂਗਾ- ਡਾ.ਮੇਘਰਾਜ

## ਕਰੀਮਪੁਰੀ ਦੀ ਜਗ੍ਹਾ ਰਣਵੀਰ ਬੈਨੀਪਾਲ ਨੂੰ ਬਸਪਾ ਦਾ ਸਟੇਟ ਇੰਚਾਰਜ ਲਗਾਇਆ





**ਜਲੰਧਰ (ਕੁਲਵੰਤ ਸਿੰਘ ਟਿੱਬਾ)–** ਬਹੁਜਨ ਸਮਾਜ ਪਾਰਟੀ ਦੀ ਸੂਬਾ ਪੱਧਰੀ ਮਹੀਨਾਵਾਰ ਮੀਟਿੰਗ ਟਾਵਰ ਐਨਕਲੇਵ, ਨਕੋਦਰ ਰੋਡ ਜਲੰਧਰ ਸਥਿਤ ਪਾਰਟੀ ਦੇ ਸੂਬਾਈ ਦਫ਼ਤਰ ਵਿਖੇ ਕੀਤੀ ਗਈ, ਜਿਸ ਦੀ ਪ੍ਰਧਾਨਗੀ ਬਸਪਾ ਪੰਜਾਬ ਦੇ ਇੰਚਾਰਜ ਸ੍ਰੀ ਡਾ. ਮੇਘਰਾਜ ਸਾਬਕਾ ਮੰਤਰੀ ਉੱਤਰ ਪ੍ਰਦੇਸ ਨੇ ਕੀਤੀ ਜਦਕਿ ਪੰਜਾਬ ਪ੍ਰਧਾਨ ਰਛਪਾਲ ਰਾਜੂ, ਪੰਜਾਬ ਦੇ ਨਵ ਨਿਯੁਕਤ ਇੰਚਾਰਜ ਰਣਵੀਰ ਬੈਨੀਪਾਲ ਵਿਸ਼ੇਸ਼ ਤੌਰ ਤੇ ਹਾਜ਼ਰ ਸਨ। ਸ੍ਰੀ ਰਣਵੀਰ ਬੈਨੀਪਾਲ ਨੂੰ ਅਵਤਾਰ ਸਿੰਘ ਕਰੀਮਪੁਰੀ ਦੀ ਜਗ੍ਹਾ ਪੰਜਾਬ ਦਾ ਇੰਚਾਰਜ ਲਗਾਇਆ ਗਿਆ ਹੈ, ਜੋ ਡਾ. ਮੇਘਰਾਜ ਨਾਲ ਕੰਮ ਕਰਨਗੇ। ਪੰਜਾਬ ਦੇ ਪੰਜ ਜੋਨ ਸ੍ਰੀ ਅੰਮ੍ਰਿਤਸਰ ਸਾਹਿਬ, ਫ਼ਰੀਦਕੋਟ, ਲੁਧਿਆਣਾ, ਪਟਿਆਲਾ, ਜਲੰਧਰ ਅਧੀਨ ਜ਼ਿਲ੍ਹਾ ਕਮੇਟੀਆਂ ਦੇ ਗਠਨ ਦੀ ਸਮੀਖਿਆ ਕੀਤੀ ਗਈ। ਉਨ੍ਹਾਂ ਕਿਹਾ ਬਸਪਾ ਦੇ ਸੂਬਾਈ ਢਾਂਚੇ ਵਿੱਚ ਰੱਦੋਬਦਲ ਕੀਤੀ ਜਾਵੇਗੀ ਅਤੇ ਨੌਜਵਾਨ ਵਰਗ ਨੂੰ ਪੰਜਾਹ ਫ਼ੀਸਦੀ ਹਿੱਸੇਦਾਰੀ ਦਿੱਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਬਸਪਾ ਨੂੰ ਜ਼ਮੀਨੀ ਪੱਧਰ ਤੇ ਪੈਰਾਂ ਸਿਰ ਕਰਨ ਲਈ ਯਤਨ ਤੇਜ ਕਰ ਦਿੱਤੇ ਗਏ ਹਨ ਅਤੇ ਹੁਣ ਅਹੁਦਾ ਲੈ ਕੇ ਕੋਈ ਘਰ ਨਹੀ ਬੈਠ ਸਕੇਗਾ। ਉਨ੍ਹਾਂ ਦੱਸਿਆ ਕਿ ਪੰਜਾਬ ਦੇ ਹਰ ਜ਼ਿਲ੍ਹਾ ਪੱਧਰ ਤੇ ਪਾਰਟੀ ਦਫ਼ਤਰ ਖ਼ੋਲ ਦਿੱਤੇ ਗਏ ਹਨ ਤਾਂ ਕਿ ਆਮ ਲੋਕ ਆਪਣੇ ਕੰਮਾਂ-ਕਾਰਾਂ ਲਈ ਸੌਖੇ ਤਰੀਕੇ ਨਾਲ ਸੰਪਰਕ ਕਰ ਸਕਣ। ਉਨ੍ਹਾਂ ਕਿਹਾ ਕਿ ਪਹਿਲਾਂ ਇਮਾਨਦਾਰੀ ਅਤੇ ਤਨਦੇਹੀ ਨਾਲ ਕੰਮ ਨਹੀ ਹੋਇਆ, ਜਿਸ ਕਰਕੇ ਬਸਪਾ ਕੋਈ ਨਤੀਜਾ ਪੇਸ਼ ਨਹੀਂ ਕਰ ਸਕੀ ਪਰ ਹੁਣ ਮੈਂ ਪੰਜਾਬ ਅੰਦਰ ਮਜ਼ਬੂਤ ਅਤੇ ਇਮਾਨਦਾਰ ਲੀਡਰਸ਼ਿਪ ਪੈਦਾ ਕਰਾਂਗਾ ਅਤੇ ਬਸਪਾ ਤੋਂ ਰੁੱਸ ਕੇ ਜਾਂ ਬੇਵਜ੍ਹਾ ਕੱਢੇ ਗਏ ਵਰਕਰਾਂ ਆਗੂਆਂ ਨੂੰ ਨਿੱਜੀ ਤੌਰ ਤੇ ਮਿਲ ਕੇ ਬਸਪਾ ਵਿੱਚ ਵਾਪਸ ਲੈ ਕੇ ਆਵਾਂਗਾ। ਉਨ੍ਹਾਂ ਆਗੂਆਂ ਨੂੰ ਹਦਾਇਤ ਕੀਤੀ ਕਿ ਉਹ ਹੁਣ ਬਸਪਾ ਦੇ ਸੂਬਾਈ ਅਹੁਦੇਦਾਰਾਂ ਦੀ ਚਮਚਾਗਿਰੀ ਛੱਡ ਕੇ ਕੰਮ ਵੱਲ ਧਿਆਨ ਦੇਣ। ਡਾ. ਮੇਘਰਾਜ ਨੇ ਕਿਹਾ ਕਿ ਭੈਣ ਮਾਇਆਵਤੀ ਦੇ ਦਿਸਾ ਨਿਰਦੇਸ਼ਾਂ ਤਹਿਤ ਜਲਦ ਹੀ ਪੰਜਾਬ ਅੰਦਰ ਬਸਪਾ ਵੱਲੋਂ ਮਹਿਲਾ ਵਿੰਗ ਦਾ ਗਠਨ ਕੀਤਾ ਜਾ ਰਿਹਾ ਹੈ ਅਤੇ ਇਸ ਦੀ ਜ਼ਿੰਮੇਵਾਰੀ ਸ੍ਰੀਮਤੀ ਰਚਨਾ ਦੇਵੀ ਫਗਵਾੜਾ ਨੂੰ ਦਿੱਤੀ ਗਈ। ਡਾ. ਮੇਘਰਾਜ ਨੇ ਕਿਹਾ ਕਿ ਬਸਪਾ ਦਾ ਹਰ ਅਹੁਦੇਦਾਰ ਨੂੰ ਆਪਣੇ ਘਰ ਅਤੇ ਵਹੀਕਲ ਤੇ ਬਸਪਾ ਦਾ ਝੰਡਾ ਲਗਾਉਣਾ ਜ਼ਰੂਰੀ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਬਸਪਾ ਦੇ ਸੂਬਾਈ ਆਗੂ ਅਤੇ ਪਿੰਡ ਪੱਧਰ ਦੇ ਬਸਪਾ ਵਰਕਰ ਦਾ ਬੌਧਿਕ ਗਿਆਨ ਦਾ ਇੱਕ ਪੱਧਰ ਦਾ ਬਣਾਉਣ ਸਬੰਧੀ ਜੋਨ ਪੱਧਰ ਤੇ ਪੰਜ ਕੇਡਰ ਕੈਂਪ ਲਗਾਏ ਜਾ ਰਹੇ ਹਨ, ਜਿਸ ਨੂੰ ਸੰਬੋਧਨ ਕਰਨ ਲਈ ਭੈਣ ਕੁਮਾਰੀ ਮਾਇਆਵਤੀ ਨੇ ਪੰਜਾਬ ਦੇ ਨਵ ਨਿਯੁਕਤ ਇੰਚਾਰਜ ਰਣਵੀਰ ਬੈਨੀਪਾਲ ਨੂੰ ਭੇਜਿਆ ਗਿਆ ਹੈ। ਜਿਸ ਵਿੱਚ ਜੋਨ ਦੇ 65 ਅਹੁਦੇਦਾਰ ਨੂੰ ਸਿੱਖਿਅਤ ਕਰਕੇ ਕੰਮ ਕਰਨ ਦਾ ਤਰੀਕਾ ਦੱਸਿਆ ਜਾਵੇਗਾ। ਜੋਨ ਜਲੰਧਰ ਦਾ ਕੇਡਰ ਕੈਂਪ ਨਵਾਂ ਸ਼ਹਿਰ ਵਿਖੇ 26 ਜੂਨ, ਜੋਨ ਲੁਧਿਆਣਾ ਵਿਖੇ 27 ਜੂਨ, ਜੋਨ ਪਟਿਆਲਾ ਵਿਖੇ 28, ਜੋਨ ਫ਼ਰੀਦਕੋਟ ਵਿਖੇ 29 ਅਤੇ ਜੋਨ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ 30 ਜੂਨ ਨੂੰ ਲਗਾਇਆ ਜਾ ਰਿਹਾ ਹੈ। ਵੱਖ ਵੱਖ ਪਾਰਟੀਆਂ ਛੱਡ ਕੇ ਇੱਕ ਦਰਜਨ ਆਗੂ ਬਸਪਾ ਵਿੱਚ ਸ਼ਾਮਿਲ ਹੋਏ ਅਤੇ ਡਾ. ਮੇਘਰਾਜ ਨੇ ਬਸਪਾ ਵਿੱਚ ਸ਼ਾਮਿਲ ਹੋਹੇ ਆਗੂਆਂ ਨੂੰ ਭਰੋਸਾ ਦਿੱਤਾ ਕਿ ਉਨ੍ਹਾਂ ਦਾ ਪੂਰਾ ਸਨਮਾਨ ਕੀਤਾ ਜਾਵੇਗਾ। ਬਸਪਾ ਵਿੱਚ ਸ਼ਾਮਲ ਹੋਣ ਵਾਲਿਆਂ ਵਿੱਚ ਲੁਧਿਆਣਾ ਦੀ ਸਮਾਜਸੇਵੀ ਸੰਸਥਾ ਹੱਕ ਸੱਚ ਕਲੱਬ ਦੇ ਪ੍ਰਧਾਨ ਸਮੇਤ ਸੋਮ ਅਰੋੜਾ, ਪੂਜਾ ਸਿੱਧੂ, ਸੰਦੀਪ ਕੌਰ ਦੁੱਗਰੀ, ਸਰਬਜੀਤ ਕੌਰ, ਹਰਸਿਮਰਤ ਸਿੰਘ, ਕਮਲਵੀਰ ਮਰਾਂਡੋ ਆਦਿ ਸ਼ਾਮਿਲ ਸਨ। ਇਸ ਸਮੇਂ ਸੁਖਵਿੰਦਰ ਕੋਟਲੀ, ਡਾ. ਨਛੱਤਰਪਾਲ ਨਵਾਂ ਸ਼ਹਿਰ, ਠੇਕੇਦਾਰ ਰਾਜਿੰਦਰ ਸਿੰਘ ਬੰਗਾ, ਗੁਰਲਾਲ ਸੈਲਾ, ਡਾ. ਮੱਖਣ ਸਿੰਘ, ਸੁਖਵੀਰ ਸਿੰਘ ਸ਼ਾਲੀਮਾਰ, ਰਾਜਿੰਦਰ ਸਿੰਘ ਰਹਿਲ, ਸੂਬਾਈ ਮਹਿਲਾ ਆਗੂ ਸ੍ਰੀਮਤੀ ਰਚਨਾ ਦੇਵੀ, ਚਮਕੌਰ ਸਿੰਘ ਵੀਰ ਰਿਟਾ.ਏ.ਆਰ, ਇੰਜੀ.ਸੁਰਿੰਦਰ ਸੰਧੂ, ਪ੍ਰਵੀਨ ਬੰਗਾ, ਬਲਜੀਤ ਸਿੰਘ ਭਾਰਾਪੁਰ, ਰਮੇਸ਼ ਕੌਲ, ਸੇਵਾ ਸਿੰਘ ਰੱਤੂ, ਬਲਵਿੰਦਰ ਕੁਮਾਰ, ਕੁਲਦੀਪ ਸਿੰਘ ਸਰਦੂਲਗੜ੍ਹ, ਬਾਬੂ ਸੁੰਦਰ ਪਾਲ, ਅਮਰੀਕ ਬਾਗੜੀ, ਜਗਦੀਸ ਰਾਣਾ, ਰਾਮ ਲੁਭਾਇਆ, ਨਿਰਮਲ ਸੁਮਨ, ਪਵਿੱਤਰ ਸਿੰਘ ਸੰਗਰੂਰ, ਪਾਲ ਸਿੰਘ ਰੱਤੂ, ਦਰਸਨ ਸਿੰਘ ਝਲੂਰ, ਸ੍ਰੀਮਤੀ ਸ਼ਿੰਦਰਪਾਲ ਕੌਰ ਆਦਿ ਆਗੂ ਵੀ ਹਾਜ਼ਰ ਸਨ।



ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ (ਕੈਲੇਫੋਰਨੀਆ) ਵਿਖੇ ਬਾਬਾ ਸਾਹਿਬ ਭੀਮਰਾਓ ਰਾਮਜੀ ਅੰਬੇਡਕਰ ਜੀ ਦਾ 126ਵਾਂ ਜਨਮ ਦਿਨ **25 ਜੂਨ 2017 (ਦਿਨ ਐਤਵਾਰ)** ਨੂੰ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਅਤੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਪੂਰਨ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਸਮੂਹ ਸਾਧ ਸੰਗਤ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ 25 ਜੂਨ ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ ਪਹੁੰਚ ਕੇ ਵਿਦਵਾਨ ਬੁਲਾਰਿਆਂ ਦੇ ਵਿਚਾਰ ਸੁਣੀਏ ਅਤੇ ਬਾਬਾ ਸਾਹਿਬ ਦੇ ਜੀਵਨ, ਸੰਘਰਸ਼ ਅਤੇ ਉਹਨਾਂ ਦੀ ਮਹਾਨ ਦੇਣ ਬਾਰੇ ਜਾਣਕਾਰੀ ਭਰਪੂਰ ਵਿਚਾਰ ਸੁਣੀਏ।





Avtar Singh Bains and his wife Debo Bains

**ਬੇਨਤੀ ਕਰਤਾ ਸੰਗਤ ਦੇ ਦਾਸ**

# ਦੇਬੋ ਬੈਂਸ

**ਸਾਬਕਾ ਚੇਅਰਪਰਸਨ, ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ**

# ਅਵਤਾਰ ਸਿੰਘ ਬੈਂਸ

**ਸਾਬਕਾ ਟਰੀਅਰ, ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ**

## ਅਤੇ ਸਮੂਹ ਬੈਂਸ ਪਰਿਵਾਰ


# MAJESTIC HOMES



## JUST LISTED

**$728,888**

**2087 Bluerock Ct CONCORD**

**4 Bedrooms and 3 Bathrooms - Home in Concord**

**LOCATION! LOCATION! LOCATION!!.** Beautiful split-level home with 4 Bedrooms and 3 bathrooms. Crown molding, stainless steel applianes. Deck in the back yard looking over the hills. Very well maintained home at the top of the hill with the view of Mt Diablo in exclusive quiet neighborhood.









ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ ਭਾਸ਼ਾ ਵਿਚ ਵੀ ਗੱਲ ਕਰ ਸਕਦੇ ਹੋ।



**Ramesh Suman, Broker**
BRE - 00871752 GRI, CDPE, RCS-D
RES.NET AMP REO Certified, HAFA Short Sale Sepcialist
Director - East Bay Regional Data, Inc.
925) 779-1234



**Deo Raj "Dave" Singh, Realtor**
BRE License - 01789784
Direct: (925)766-3280
E-mail: Dave@MajesticHomes.us



**Rajbir S. Sarkaria, Realtor**
BRE License - 01499991
Direct: (925)766-5784
E-mail: Raj@MajesticHomes.us

**2006 A Street, Suite 219, Antioch, CA 94509**

**Service Excellence - Experience the Difference**

WWW.MajesticHomes.US    Email: Ramesh@RameshSuman.com

# ਪੰਜਾਬੀ ਅਮੈਰੀਕਨ ਸਿੱਖ ਸੋਸਾਇਟੀ ਔਰਲੈਂਡ ਨੇ ਕਰਵਾਇਆ ਸ਼ਾਨਦਾਰ ਵਿਸਾਖੀ ਮੇਲਾ

**ਔਰਲੈਡ (ਬਿਊਰੋ)–** ਬੀਤੇ ਦਿਨੀ''ਪੰਜਾਬੀ ਅਮੈਰੀਕਨ ਸਿੱਖ ਸੋਸਾਇਟੀ ਔਰਲੈਂਡ'' ਨੇ ਇਲਾਕੇ ਦੇ ਸਮੂਹ ਪੰਜਾਬੀ ਪਰਿਵਾਰਾਂ ਨਾਲ ਮਿਲਕੇ ਇੱਕ ਬਹੁਤ ਹੀ ਸ਼ਾਨਦਾਰ ਪਰਿਵਾਰਕ ਮੇਲਾ ਕਰਵਾਇਆ.ਰੈਡ ਬਲੱਫ ਤੋਂ 30 ਕੁ ਮੀਲ ਦੂਰ ਵਸੇ ਔਰਲੈਂਡ ਸ਼ਹਿਰ ਵਿੱਚ ਪੰਜਾਬੀਆਂ ਦੀ ਭਾਵੇਂ ਕੋਈ ਬਹੁਤੀ ਵਸੋਂ ਨਹੀਂ ਹੈ ਪਰ ਫਿਰ ਵੀ ਇਸ ਮੇਲੇ ਵਿੱਚ ਇਲਾਕੇ ਦੇ 40 -50 ਮੀਲ ਦੇ ਘੇਰੇ ਵਿੱਚ ਰਹਿੰਦੇ ਪੰਜਾਬੀ ਪਰਿਵਾਰਾਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ। ਸਮਾਗਮ ਦੀ ਸ਼ੁਰੂਆਤ ਛੋਟੇ ਬੱਚਿਆਂ ਸਿਮਰਨ ਕੌਰ ਤੇ ਸ਼ੈਲਬੀਰ ਸਿੰਘ ਦੇ ਦੁਆਰਾ ਸ਼ਬਦ ਗਾਇਨ ਨਾਲ ਹੋਈ।

ਭਾਈ ਅਮਰਜੀਤ ਸਿੰਘ ਨੇ ਬਹੁਤ ਹੀ ਪ੍ਰਭਾਵਸ਼ਾਲੀ ਸ਼ਬਦਾਂ ਵਿਚ ਵਿਸਾਖੀ ਦੀ ਮਹਤੱਤਾ ਬਾਰੇ ਸੰਖੇਪ ਜਾਣਕਾਰੀ ਦਿੱਤੀ. ਧਾਰਮਿਕ ਤੇ ਸਮਾਜਿਕ ਕਵਿਤਾਵਾਂ ਨਾਲ ਬੱਚਿਆਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ। ਗਿੱਧਾ ਤੇ ਭੰਗੜਾ ਕੋਚ ਸੁਖਵੰਤ ਕੌਰ ਦੁਆਰਾ ਤਿਆਰ ਕਰਵਾਈਆਂ ਬੱਚਿਆਂ ਦੀਆਂ 6 ਟੀਮਾਂ ਨੇ ਪੰਜਾਬ ਦੇ ਲੋਕ ਨਾਚਾਂ ਦੀਆਂ ਵੱਖ ਵੱਖ ਵੰਨਗੀਆਂ ਪੇਸ਼ ਕਰਕੇ ਦਰਸ਼ਕਾਂ ਦੇ ਮਨ ਮੋਹ ਲਏ. ਉਪਰੰਤ ਗੀਤ ਸੰਗੀਤ ਦੇ ਚੱਲੇ ਦੌਰ ਵਿੱਚ ਪੰਜਾਬੀ ਦੇ ਸਾਫ ਸੁਥਰੇ ਗਾਇਕ ਬੱਬੂ ਗੁਰਪਾਲ ਨੇ ਪਰਿਵਾਰਕ ਗੀਤਾਂ ਦੀ ਛਹਿਬਰ ਨਾਲ ਸੱਭਿਆਚਾਰਕ ਛਾਪ ਛੱਡਦਿਆਂ ਮਹੌਲ ਨੂੰ ਰੰਗੀਨ ਬਣਾ ਦਿੱਤਾ. ''ਵੌਇਸ ਆਫ ਪੰਜਾਬ'' ਦਾ ਖਿਤਾਬ ਜੇਤੂ ਗਾਇਕਾ ਜਸਪਿੰਦਰ ਰੈਣਾ ਨੇ ਜਿਥੇ ਆਪਣੀ ਕਲਾ ਦਾ ਜਾਦੂ ਬਿਖੇਰਿਆ ਉਥੇ ਨਾਲ ਹੀ ਪ੍ਰਚੱਲਿਤ ਪੰਜਾਬੀ ਲੋਕ ਗੀਤਾਂ ਉੱਤੇ ਪੰਜਾਬਣਾ ਨੂੰ ਨੱਚਣ ਲਾ ਦਿੱਤਾ. ਉਥੇ ਸਟੈਂਡ ਅਪ ਕਮੇਡੀਅਨ ਵਿਜੇ ਸਿੰਘ ਨੇ ਐਸਾ ਮਜ਼ਾਹੀਆ ਰੰਗ ਬੰਨ੍ਹਿਆਂ ਕਿ ਦਰਸ਼ਕ ਹੱਸ ਹੱਸ ਲੋਟ ਪੋਟ ਹੋ ਗਏ.ਟੋਟਲ ਇੰਟਰਟੇਨਮੈਂਟ ਤੇ ਡਾਇਰੈਕਟਰ ਉਘੇ ਪ੍ਰੋਮੋਟਰ ਤੇ ਸਮਾਗਮ ਦੇ ਸਟੇਜ ਇੰਚਾਰਜ ਅਵਤਾਰ ਲਾਖਾ ਨੇ ਸਾਰੇ ਸਮਾਗਮ ਨੂੰ ਬਹੁਤ ਹੀ ਵਿਉਂਤਬੱਧ ਤਰੀਕੇ ਨਾਲ ਚਲਾਇਆ। ਉੱਘੇ ਸਟੇਜ ਸੰਚਾਲਕ ਜਸਵੰਤ ਸਿੰਘ ਸ਼ਾਦ ਨੇ ਬਹੁਤ ਹੀ ਸ਼ਾਇਰਾਨਾ ਤੇ ਹਾਸਰਸੀ ਅੰਦਾਜ਼ ਵਿੱਚ ਸਟੇਜ ਸੰਚਾਲਨ ਕਰਦਿਆਂ ਸਮਾਗਮ ਨੂੰ ਖੁਸ਼ਗਵਾਰ ਬਣਾਈ ਰੱਖਿਆ. ਸਮਾਗਮ ਦੀ ਇੱਕ ਖਾਸੀਅਤ ਬਲਕਿ ਪ੍ਰਾਪਤੀ ਇਹ ਰਹੀ ਕਿ ਦਰਸ਼ਕਾਂ ਦੇ ਰੂਪ ਵਿੱਚ ਆਏ ਮਹਿਮਾਨਾਂ ਲਈ ਭਾਵੇਂ ਰਾਤ ਦੇ ਖਾਣੇ ਦਾ ਪ੍ਰਬੰਧ ਸੀ ਪਰ ਆਮ ਪੰਜਾਬੀ ਰਵਾਇਤ ਦੇ ਉਲਟ ਖਾਣੇ ਨਾਲ ਸ਼ਰਾਬ ਨਹੀਂ ਵਰਤਾਈ ਗਈ. ਸਟੇਜ ਸੰਚਾਲਕ ਜਸਵੰਤ ਸਿੰਘ ਸ਼ਾਦ ਨੇ ਪ੍ਰਬੰਧਕਾਂ ਦੀ ਇਸ ਦੀਦਾ ਦਲੇਰੀ ਲਈ ਖੁੱਲ ਕੇ ਤਰੀਫ ਕੀਤੀ।

ਅੰਤ ਵਿੱਚ ਪ੍ਰਧਾਨ ਦਮਨਪ੍ਰੀਤ ਕੌਰ ਥਿਆੜਾ ਨੇ ਆਏ ਸਾਰੇ ਮਹਿਮਾਨਾਂ ਦਾ ਧਨਵਾਦ ਕੀਤਾ. ਬਹੁਤ ਹੀ ਸੁਚੱਜੇ ਢੰਗ ਨਾਲ ਨੇਪਰੇ ਚੜੇ ਇਸ ਸਮਾਗਮ ਲਈ ਪ੍ਰਬੰਧਕਾਂ ਦਮਨਪ੍ਰੀਤ ਕੌਰ ਥਿਆੜਾ (ਪ੍ਰਧਾਨ), ਹਰਜੋਤ ਗਰੇਵਾਲ (ਸੈਕਟਰੀ), ਪਰਮਜੀਤ ਸੋਹਲ (ਖਜਾਨਚੀ), ਅਜੀਤ ਸਿੰਘ ਗਰੇਵਾਲ, ਤੀਰਥ ਸਿੰਘ ਸੋਹਲ, ਹਰਦੀਪ ਸਿੰਘ, ਦਵਿੰਦਰ ਸਿੰਘ ਤੇ ਸਮੂਹ ਮੈਂਬਰ ਵਧਾਈ ਦੇ ਹੱਕਦਾਰ ਹਨ।

**ਪ੍ਰਬੰਧਕ:** ਦਮਨਪ੍ਰੀਤ ਕੌਰ ਥਿਆੜਾ (ਪ੍ਰਧਾਨ) ਹਰਜੋਤ ਗਰੇਵਾਲ (ਸੈਕਟਰੀ) ਪਰਮਜੀਤ ਸੋਹਲ (ਖਜਾਨਚੀ), ਅਜੀਤ ਸਿੰਘ ਗਰੇਵਾਲ, ਤੀਰਥ ਸਿੰਘ ਸੋਹਲ ਹਰਦੀਪ ਸਿੰਘ, ਦਵਿੰਦਰ ਸਿੰਘ।

**ਸਪੌਂਸਰ–** ਜਗਪਾਲ ਗਿੱਲ, ਮੇਜਰ ਸਿੰਘ ਔਰਲੈਂਡ, ਜਗਤਾਰ ਸਿੰਘ, ਰਾਮਪ੍ਰਤਾਪ ਸਿੰਘ ਰਾਣਾ, ਕੁਲਵੰਤ ਸਿੰਘ, ਚਾਰਾਂ ਵਿਰ ਸਿੰਘ ਕੰਦੋਲਾ, ਪੱਪੂ ਜੌਹਲ ਰੈਡਿੰਗ, ਸੁਰਿੰਦਰ ਸਿੰਘ, ਮਾਊਂਟ ਲਾਸਨ ਟਰਾਂਸਪੋਰਟੇਸ਼ਨ ਰੈਡ ਬਲੱਫ, ਰਾਜਬੀਰ ਸਿੰਘ ਪੈਰਾਡਾਈਸ ਤੇ ਮਨਜੀਤ ਸਿੰਘ ਬਿਰਦੀ ਔਰਲੈਂਡ।
















# ਪੰਜਾਬੀ ਅਮੈਰੀਕਨ ਸਿੱਖ ਸੋਸਾਇਟੀ ਔਰਲੈਂਡ ਨੇ ਕਰਵਾਇਆ ਸ਼ਾਨਦਾਰ ਵਿਸਾਖੀ ਮੇਲਾ












## CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

## AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing




**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149

ਚਾਈਨੀਜ਼ 749 (ਦੋ ਟਾਇਰ) $749



Call:

530-824-5134

**ਪੁਰਾਣੇ ਟਾਇਰਾਂ ਦੀ ਸੇਲ**

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

**NEW & USED TIRES**

**WASH, LUBE, BRAKES**

Call:


650-642-0697

## 3525 Highway 99, West Corning, CA 96021

Across the Street from TA Truck Stop



# ਸ੍ਰੀ ਗੁਰੂ ਰਵਿਦਾਸ ਟੈਂਪਲ, ਯੂਬਾ ਸਿਟੀ



## ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਜੋੜ ਮੇਲਾ 23 ਤੋਂ 25 ਜੂਨ ਨੂੰ

ਸ਼ਹੀਦ ਸਿੰਘਾਂ ਦੇ ਸਿਰਤਾਜ ਸਤਿਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਜੋੜ ਮੇਲਾ ਗੁਰੂ ਘਰ ਵਿਖੇ 23, 24, 25 ਜੂਨ ਨੂੰ ਮਨਾਇਆ ਜਾ ਰਿਹਾ ਹੈ, ਜਿਸ ਵਿਚ 23 ਜੂਨ ਦਿਨ ਸ਼ੁੱਕਰਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਆਰੰਭ ਹੋਣਗੇ, ਜਿਹਨਾਂ ਦੇ ਭੋਗ 25 ਜੂਨ ਦਿਨ ਐਤਵਾਰ ਨੂੰ ਪਾਏ ਜਾਣਗੇ। ਉਪਰੰਤ ਪੰਥ ਪ੍ਰਸਿੱਧ ਰਾਗੀ, ਢਾਡੀ, ਕਥਾਵਾਚਕ ਹਰਿ ਜਸ ਗਾ ਕੇ ਸੰਗਤਾਂ ਨੂੰ ਨਿਹਾਲ ਕਰਨਗੇ।

ਸ੍ਰੀ ਗੁਰੂ ਰਵਿਦਾਸ ਟੈਂਪਲ ਪ੍ਰਬੰਧਕ ਕਮੇਟੀ, ਯੂਬਾ ਸਿਟੀ ਦੀ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸਾਧ ਸੰਗਤ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਪਵਿੱਤਰ ਦਿਹਾੜੇ ਮੌਕੇ ਗੁਰੂ ਘਰ ਹਾਜ਼ਰੀਆਂ ਭਰ ਕੇ ਗੁਰੂ ਘਰ ਦਾ ਆਸ਼ੀਰਵਾਦ ਪ੍ਰਾਪਤ ਕਰੋ ਜੀ।

### ਗੁਰੂ ਘਰ ਦੇ ਸੇਵਾਦਾਰ

| | |
|---|---|
| ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ (ਪ੍ਰਧਾਨ) 530-713-1823 | ਸ੍ਰੀ ਰਾਮ ਸੇਵਕ ਭਾਟੀਆ (ਹੈਡ ਕੈਸ਼ੀਅਰ) 530-682-3962 |
| ਸ੍ਰੀ ਗੁਰਨਾਮ ਸਿੰਘ ਭੰਡਾਲ (ਵਾਈਸ ਪ੍ਰਧਾਨ) 530-218-4468 | ਸ੍ਰੀ ਮਹਿੰਦਰ ਸਿੰਘ ਰੱਤੂ (ਚੇਅਰਮੈਨ) 530-790-5985 |
| ਸ੍ਰੀ ਸਤਨਾਮ ਸਿੰਘ (ਜਨਰਲ ਸਕੱਤਰ) 530-682-3962 | ਸ੍ਰੀ ਪ੍ਰਸ਼ੋਤਮ ਸੂਦ (ਵਾਈਸ ਚੇਅਰਮੈਨ) 530-565-5974 |
| ਸ੍ਰੀ ਦਲਵਿੰਦਰ ਰੱਲ੍ਹ (ਵਾਈਸ ਜਨ. ਸਕੱਤਰ) 530-933-3938 | ਭੁਪਿੰਦਰ ਸਿੰਘ ਭੰਡਾਲ (530) 301-2518 |

**ਬੇਨਤੀ ਕਰਤਾ : ਸ੍ਰੀ ਗੁਰੂ ਰਵਿਦਾਸ ਟੈਂਪਲ ਪ੍ਰਬੰਧਕ ਕਮੇਟੀ, ਯੂਬਾ ਸਿਟੀ**

**1480 HAYNE AVE YUBA CITY, (Phone- 530-674-2564)**


TANDOOR
Indian Restaurant
27167 Mission Blvd. Hayward, CA 95544




ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

WE ARE SPECIALIST IN CATERING & SPECIAL ITEMS ARE AVAILABLE HERE:
FISH PAKORE, CHILLI CHICKEN, GOAT KARI, SHAHI PANEER, BUTTER CHICKEN, SWEETS, SNACKS AND MORE SPECIAL ITEMS.



ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ

BUFFET LUNCH 11:00 AM To 3:00 PM

We are open seven days 11 AM to 10 PM

Contact Us:
Ph. 510-885-1212
Fax. 510-885-1532

L.A. MERCHANDISE
Whole Sale +Retail



ਇੰਡੀਆ ਤੋਂ Matterss ਸਸਤੇ ਰੇਟ ’ਤੇ ਪਹੁੰਚ ਚੁੱਕੀ ਹੈ।
ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ
ਬਾਬਾ ਰਾਮਦੇਵ ਜੀ ਵੱਲੋਂ ਤਿਆਰ ਕੀਤੀਆਂ ਗਈਆਂ ਸਾਰੀਆਂ ਦਵਾਈਆਂ ਸਾਡੇ ਕੋਲ ਮਿਲਦੀਆਂ ਹਨ।

* ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ,
* 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ
* ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਸੇਲ ’ਤੇ ਹਨ।
* ਇੱਥੇ ਤਾਜ਼ਾ ਸਬਜ਼ੀਆਂ ਹਰ ਰੋਜ਼ ਮਿਲਦੀਆਂ ਹਨ।
* ਹਰ ਤਰ੍ਹਾਂ ਦੀ ਦਾਲ ਸੇਲ ’ਤੇ ਹੈ।

* ਇੰਡੀਆ ਤੋਂ Matterss ਸਸਤੇ ਰੇਟ ’ਤੇ ਪਹੁੰਚ ਚੁੱਕੀ ਹੈ।
* ਹਰ ਤਰ੍ਹਾਂ ਦੇ ਜੋੜਾਂ, ਮਾਸਪੇਸ਼ੀਆਂ ਦੇ ਦਰਦਾਂ ਦੀ ਦਵਾਈ ਸਾਡੇ ਕੋਲੋਂ ਮਿਲਦੀ ਹੈ।
* ਤੁਹਾਡੇ ਝੜਦੇ ਵਾਲਾਂ ਦੇ ਇਲਾਜ ਲਈ ਸਾਡੇ ਕੋਲ ਹਰਬਲ ਹੇਅਰ ਤੇਲ ਉਪਲਬਧ ਹੈ।
* ਸ਼ੂਗਰ ਦੇ ਮਰੀਜ਼ਾਂ ਲਈ ਕਰੇਲੇ ਦਾ ਜੂਸ ਇੱਥੋਂ ਖਰੀਦੋ।

LOOSE FABRICS, GROCERIES, BLANKETS, VEGETABLES
Toilet Water Pressure (Elite 2 Bio Bider)
A budget Friendly solution for your desire to feel exceptionally clean and reduce toilet paper waste
Only $ 39.99+Tax



Baksho Kaur Bisla Hardev Singh Bisla

500 N. Palora Ave. Yuba City, CA 95991

530-671-0439, Fax 530-822-0439 Cell- 530-844-3250

# ਡਾ. ਅੰਬੇਡਕਰ ਦੇ ਜਨਮ ਦਿਨ ਨੂੰ ਸਮਰਪਿਤ ਪ੍ਰੋਗਰਾਮ ਕਰਵਾਇਆ

**ਆਦਮਪੁਰ (ਤਰਸੇਮ ਜਲੰਧਰੀ)–** ਭਾਰਤ ਰਤਨ ਬਾਵਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਮਿਸ਼ਨ ਪ੍ਰਚਾਰ ਕਮੇਟੀ ਘੁੜਿਆਲ, ਜ਼ਿਲ੍ਹਾ ਜਲੰਧਰ ਵੱਲੋਂ ਡਾ. ਭੀਮ ਰਾਓ ਅੰਬੇਡਕਰ ਜਯੰਤੀ ਸਬੰਧੀ ਪ੍ਰੋਗਰਾਮ ਪਿੰਡ ਦੇ ਸਰਕਾਰੀ ਪ੍ਰਾਇਮਰੀ ਸਕੂਲ ਵਿਖੇ ਕਰਵਾਇਆ ਗਿਆ। ਇਸ ਮੌਕੇ ਸੁਸਾਇਟੀ ਦੇ ਅਹੁਦੇਦਾਰਾਂ ਅਤੇ ਪਤਵੰਤੇ ਸੱਜਣਾਂ ਵੱਲੋਂ ਬਾਵਾ ਸਾਹਿਬ ਜੀ ਦੀ ਤਸਵੀਰ 'ਤੇ ਫੁੱਲ ਮਾਲਾਵਾਂ ਚੜ੍ਹਾਈਆਂ ਗਈਆਂ। ਸਮਾਗਮ ਵਿਚ ਵਿਸ਼ੇਸ਼ ਤੌਰ ਤੇ ਕੌਮੀ ਬੁਲਾਰੇ ਧਰਮਿੰਦਰ ਭੁਲਾਰਾਈ, ਐਡਵੋਕੇਟ ਬਲਦੇਵ ਪ੍ਰਕਾਸ਼ ਰੱਲ੍ਹ, ਸੇਵਾ ਸਿੰਘ ਰੱਤੂ, ਕੁਲਵੀਰ ਸਿੰਘ ਘੁੜਿਆਲ, ਬਲਵਿੰਦਰ ਕੁਮਾਰ ਅੰਬੇਡਕਰੀ, ਅਸ਼ੋਕ ਚੁੰਬਰ, ਤਰਸੇਮ ਜਲੰਧਰੀ ਸੰਪਾਦਕ 'ਦੇਸ਼ ਦੁਆਬਾ', ਅਵਤਾਰ ਬਸਰਾ, ਕਮਲਜੀਤ ਮਾਣਕੋ, ਸੁਖਵਿੰਦਰ ਟੋਨੀ ਸਮੇਤ ਕਈ ਬੁਲਾਰਿਆਂ ਨੇ ਹਾਜ਼ਰੀਨ ਨੂੰ ਬਾਵਾ ਸਾਹਿਬ ਦੇ ਜੀਵਨ ਫਸਲਫੇ ਤੇ ਉਹਨਾਂ ਦੀ ਵਿਚਾਰਧਾਰਾ 'ਤੇ ਚਾਨਣਾ ਪਾਇਆ। ਸਾਰੇ ਹੀ ਬੁਲਾਰਿਆਂ ਨੇ ਇਸ ਮੌਕੇ ਬਾਵਾ ਸਾਹਿਬ ਦੇ ਜਨਮ ਦਿਨ ਦੀ ਵਧਾਈ ਦਿੰਦਿਆਂ ਪ੍ਰਬੰਧਕਾਂ ਵੱਲੋਂ ਇਸ ਪ੍ਰੋਗਰਾਮ ਦਾ ਆਯੋਜਨ ਕਰਨ ਤੇ ਉਹਨਾਂ ਦੀ ਸ਼ਲਾਘਾ ਕੀਤੀ। ਸਟੇਜ ਦਾ ਸੰਚਾਲਨ ਗੁਰਚਰਨ ਸਿੰਘ ਜ਼ਖਮੀ ਅਤੇ ਕੁਲਵੀਰ ਸਿੰਘ ਘੁੜਿਆਲ ਨੇ ਕੀਤਾ।



ਇਸ ਮੌਕੇ ਮਿਸ਼ਨਰੀ ਕਲਾਕਰ ਕੁਲਦੀਪ ਚੁੰਬਰ ਵੱਲੋਂ ਬਾਵਾ ਸਾਹਿਬ ਦੇ ਜੀਵਨ ਨਾਲ ਸਬੰਧਤ ਮਿਸ਼ਨਰੀ ਰਚਨਾਵਾਂ ਪੇਸ਼ ਕੀਤੀਆਂ ਗਈਆਂ। ਇਸ ਤੋਂ ਇਲਾਵਾ ਸਹਿਯੋਗੀ ਸੱਜਣਾਂ ਨੂੰ ਸਨਮਾਨਿਤ ਕੀਤਾ ਗਿਆ।

ਪ੍ਰਬੰਧਕ ਕਮੇਟੀ ਵੱਲੋਂ ਸਕੂਲ ਦੇ ਹੋਣਹਾਰ ਵਿਦਿਆਰਥੀਆਂ ਨੂੰ ਵਿਸ਼ੇਸ਼ ਤੌਰ ਤੇ ਸਟੇਸ਼ਨਰੀ ਤਕਸੀਮ ਕੀਤੀ ਗਈ। ਹੋਰਨਾਂ ਤੋਂ ਇਲਾਵਾ ਇਸ ਮੌਕੇ ਸਰਪੰਚ ਜਸਵਿੰਦਰ ਸਿੰਘ, ਮੋਹਨ ਸਿੰਘ, ਜੱਗੋਪਾਲ, ਹੈਡਮਾਸਟਰ ਅਮਰਜੀਤ ਸਿੰਘ, ਹੈਡਮਾਸਟਰ ਜਸਵੰਤ ਰਾਣਾ, ਅਤਿੰਦਰਪਾਲ, ਤਰਵਿੰਦਰ ਕੁਮਾਰ ਡਾ., ਸਰੋਜ ਰਾਣੀ, ਰਣਵੀਰ ਸਿੰਘ, ਅਮਰੀਕ ਸਿੰਘ ਸਨੀ, ਸਲਿੰਦਰ ਸਿੰਘ, ਬਲਜਿੰਦਰ ਸਿੰਘ, ਗਗਨਦੀਪ ਸਿੰਘ, ਰਾਹੁਲ ਸਮੇਤ ਵੱਡੀ ਗਿਣਤੀ ਵਿਚ ਪਿੰਡ ਦੀਆਂ ਔਰਤਾਂ, ਬੱਚੇ ਅਤੇ ਬਜ਼ੁਰਗ ਹਾਜ਼ਰ ਸਨ। ਸਮਾਗਮ ਵਿਚ ਬੱਚਿਆਂ ਵੱਲੋਂ ਬਾਵਾ ਸਾਹਿਬ ਜੀ ਦੀ ਜੀਵਨੀ 'ਤੇ ਕਵਿਤਾਵਾਂ ਪੜ੍ਹੀਆਂ।

ਬੱਚਿਆਂ ਨੂੰ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ। ਆਖਿਰ ਵਿਚ ਪ੍ਰਬੰਧਕ ਗੁਰਚਰਨ ਸਿੰਘ ਜ਼ਖਮੀ ਵੱਲੋਂ ਪ੍ਰਮੁੱਖ ਸ਼ਖਸੀਅਤਾਂ ਨੂੰ ਯਾਦ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ।







ਪੰਜਾਬ ਭਵਨ ਚੰਡੀਗੜ੍ਹ ਵਿਖੇ ਅਨੁਸੂਚਿਤ ਜਾਤੀਆਂ ਕਮਿਸ਼ਨ ਦੀ ਮੀਟਿੰਗ ਹੋਈ। ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਸ੍ਰੀ ਰਾਜੇਸ਼ ਬਾਘਾ ਨੇ ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬ ਐਸ. ਸੀ. ਕਮਿਸ਼ਨ ਵੱਲੋਂ ਵੱਖ ਵੱਖ ਵਿਭਾਗਾਂ ਦੇ ਮੁਖੀਆਂ ਨਾਲ ਇਕ ਫੁੱਲ ਕਮਿਸ਼ਨ ਮੀਟਿੰਗ ਕੀਤੀ ਗਈ, ਜਿਸ ਵਿਚ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਅਨੇਕਾਂ ਮਸਲੇ ਜੋ ਕਿ ਵੱਖ-ਵੱਖ ਵਿਭਾਗਾਂ ਨਾਲ ਸਬੰਧਤ ਸਨ, ਨੂੰ ਵਿਚਾਰਿਆ ਗਿਆ ਅਤੇ ਉਹਨਾਂ ਮਾਮਲਿਆਂ ਨੂੰ ਸਮਾਂਬੱਧ ਢੰਗ ਨਾਲ ਨਜਿੱਠਣ ਲਈ ਹਦਾਇਤਾਂ ਜਾਰੀ ਕੀਤੀਆਂ ਗਈਆਂ।

## ਬੁੱਧ ਵਿਹਾਰ ਟਰੱਸਟ (ਰਜਿ) ਸੋਫੀ ਪਿੰਡ ਨੇ ਮਨਾਇਆ ਮਹਾਤਮਾ ਬੁੱਧ ਦਾ ਪ੍ਰੀਨਿਰਵਾਣ ਦਿਵਸ








**ਜਲੰਧਰ–** ਬੁੱਧ ਵਿਹਾਰ ਟਰੱਸਟ (ਰਜਿ) ਸੋਫੀ ਪਿੰਡ ਨੇੜੇ ਹਾਈ ਸਕੂਲ ਜਲੰਧਰ ਵੱਲੋਂ ਬੀਤੇ ਦਿਨੀਂ ਮਹਾਤਮਾ ਬੁੱਧ ਦਾ ਪ੍ਰੀਨਿਰਵਾਣ ਦਿਵਸ ਮਨਾਇਆ।

ਇਸ ਮੌਕੇ ਵਿਕਸ ਸ਼ੌਂਕੀ, ਹੁਸਨ ਲਾਲ ਬੋਧ, ਬੁਧਿਸਟ ਸੁਸਾਇਟੀ ਆਫ ਇੰਡੀਆ ਪੰਜਾਬ, ਸੁਰਿੰਦਰ ਪਾਲ, ਬਸਪਾ ਲੀਡਰ ਜਗਦੀਸ਼ ਰਾਣਾ, ਮਦਨ ਮਹਿਮੀ, ਸ੍ਰੀਮਤੀ ਸੰਤੋਸ਼, ਸ੍ਰੀਮਤੀ ਸਤਿਆ ਲਖਨਪਾਲ, ਸ੍ਰੀਮਤੀ ਬਿਮਲਾ, ਡਾ. ਕੇਸਰ ਦਾਸ ਨੇ ਤਥਾਗਤ ਗੌਤਮ ਬੁੱਧ ਦੇ ਜੀਵਨ ਅਤੇ ਸਿੱਖਿਆ ਉਪਰ ਰੌਸ਼ਨੀ ਪਾਈ।

ਇਸ ਸ਼ੁਭ ਦਿਹਾੜੇ ਤੇ ਭਿਖਸ਼ੂ ਦਰਸ਼ਨ ਦੀਪ ਅਤੇ ਸੰਗਤਾਂ ਵੱਲੋਂ ਤ੍ਰੀਸ਼ਰਣ, ਪੰਚਸ਼ੀਲ ਅਤੇ ਵੰਦਨਾ ਕੀਤੀ ਗਈ। ਸੰਗਤਾਂ ਵੱਲੋਂ ਭਗਵਾਨ ਬੁੱਧ ਦੀ ਤਸਵੀਰ ਅੱਗੇ ਮੋਮਬੱਤੀਆਂ ਅਤੇ ਅਗਰਬੱਤੀਆਂ ਜਲਾ ਕੇ ਸ਼ਰਧਾ ਦਾ ਪ੍ਰਗਟਾਵਾ ਕੀਤਾ ਅਤੇ ਆਸ਼ੀਰਵਾਦ ਪ੍ਰਾਪਤ ਕੀਤਾ। ਇਸ ਮੌਕੇ ਸ੍ਰੀ ਹਰਭਜਨ ਸਾਂਪਲਾ ਸਕੱਤਰ ਬੁੱਧ ਵਿਹਾਰ ਟਰੱਸਟ ਸੋਫੀ ਪਿੰਡ ਨੇ ਸੰਗਤਾਂ ਨੂੰ ਬੁੱਧ ਪੂਰਨਿਮਾ ਦੀ ਵਧਾਈ ਦਿੰਦਿਆਂ ਕਿਹਾ ਕਿ ਭਗਵਾਨ ਬੁੱਧ ਜੀ ਦਾ ਜਨਮ ਦਿਨ, ਗਿਆਨ ਪ੍ਰਾਪਤੀ ਦਿਨ ਅਤੇ ਨਿਰਵਾਣ ਦਿਨ ਇਕ ਹੀ ਦਿਨ ਹੋਇਟਾ ਸੀ, ਜਿਸ ਨੂੰ 'ਬੁੱਧ ਪੂਰਨਿਮਾ' ਦੇ ਤੌਰ ਤੇ ਸਾਰੀ ਦੁਨੀਆਂ ਵਿਚ ਧੂਮ-ਧਾਮ ਨਾਲ ਮਨਾਇਆ ਜਾਂਦਾ ਹੈ।

ਇਸ ਸ਼ੁਭ ਦਿਹਾੜੇ ਤੇ ਭਿਖਸ਼ੂ ਦਰਸ਼ਨ ਦੀਪ ਅਤੇ ਸੰਗਤਾਂ ਵੱਲੋਂ ਤ੍ਰੀਸ਼ਰਣ, ਪੰਚਸ਼ੀਲ ਅਤੇ ਵੰਦਨਾ ਕੀਤੀ ਗਈ। ਸੰਗਤਾਂ ਵੱਲੋਂ ਭਗਵਾਨ ਬੁੱਧ ਦੀ ਤਸਵੀਰ ਅੱਗੇ ਮੋਮਬੱਤੀਆਂ ਅਤੇ ਅਗਰਬੱਤੀਆਂ ਜਲਾ ਕੇ ਸ਼ਰਧਾ ਦਾ ਪ੍ਰਗਟਾਵਾ ਕੀਤਾ ਅਤੇ ਆਸ਼ੀਰਵਾਦ ਪ੍ਰਾਪਤ ਕੀਤਾ। ਇਸ ਮੌਕੇ ਸ੍ਰੀ ਪਰਮਜੀਤ ਜੱਸਲ ਪ੍ਰਿੰਸੀਪਲ ਡਾ. ਅੰਬੇਡਕਰ ਪਬਲਿਕ ਸਕੂਲ ਬੁਲੰਦਪੁਰ, ਸ੍ਰੀ ਚਮਨ ਦਾਸ ਸਾਂਪਲਾ, ਗੁਰਮੀਤ ਲਾਲ ਰੂਪ ਲਾਲ ਨੰਬਰਦਾਰ, ਲੇਡੀ ਪੰਚ ਗੁਰਮੀਤ ਕੌਰ ਆਦਿ ਸ਼ਾਮਲ ਸਨ।

ਇਸ ਸ਼ੁਭ ਮੌਕੇ ਤੇ ਸ੍ਰੀ ਰਾਮਲਾਲ ਮਾਸਟਰ, ਬਨਾਰਸੀ ਦਾਸ ਲੈਮਬਰ ਰਾਮਬੰਗੜ, ਲਾਲ ਚੰਦ, ਹੈਪੀ, ਨਰੇਸ਼ ਕੁਮਾਰ ਸਾਂਪਲਾ, ਗੌਤਮ ਸਾਂਪਲਾ, ਚੈਂਚਲ, ਦੁਰਗਾ ਦਾਸ, ਸੰਦੀਪ, ਸ੍ਰੀਮਤੀ ਕਾਨਤਾ ਕੁਮਾਰੀ ਟੀਚਰ, ਮਨਜੀਤ ਕੌਰ ਸਾਂਪਲਾ, ਪ੍ਰਿਅੰਕਾ ਪੂਨਮ, ਪੂਜਾ, ਰਾਜਵਿੰਦਰ ਕੌਰ, ਸੁੱਖੀ, ਪਾਲੋ, ਛਿੰਬੋ, ਕੋਮਲ, ਸ੍ਰੀਮਤੀ ਕਮਲੇਸ਼, ਰੇਸ਼ਮੋ ਅਤੇ ਹੋਰ ਬਹੁਤ ਸਾਰੇ ਉਪਾਸਕ ਅਤੇ ਉਪਾਸਕਾਵਾਂ ਨੇ ਹਾਜ਼ਰੀਆਂ ਭਰੀਆਂ। ਅੰਤ ਵਿਚ ਖੀਰ ਅਤੇ ਕੜਾਹ ਪ੍ਰਸ਼ਾਦ ਵਰਤਾਇਆ ਗਿਆ।

## ਪੱਖੋ ਕੈਂਚੀਆਂ ਵਿਖੇ ਦਰਖਤਾਂ ਤੋਂ ਪਾਣੀ ਡਿੱਗਣਾ ਵਿਗਿਆਨਕ ਵਰਤਾਰਾ: ਮਿੱਤਰ

**ਬਰਨਾਲਾ–** ਪੱਖੋਂ ਕੈਂਚੀਆਂ ਵਿਖੇ ਦਰਖਤਾਂ ਤੋਂ ਪਾਣੀ ਦੀਆਂ ਛੋਟੀਆਂ ਛੋਟੀਆਂ ਫੁਹਾਰਾਂ ਡਿੱਗਣ ਘਟਨਾ ਬਾਰੇ ਅੱਜ ਇੱਕ ਤਰਕਸ਼ੀਲ ਕਾਰਕੁੰਨਾਂ ਦੀ ਟੀਮ ਉਥੇ ਪਹੁੰਚੀ ਅਤੇ ਪੈਰੇ ਮਾਮਲੇ ਦੀ ਪੜਤਾਲ ਕੀਤੀ। ਇਸ ਟੀਮ ਦੀ ਅਗਵਾਈ ਤਰਕਸ਼ੀਲ ਸੁਸਾਇਟੀ ਭਾਰਤ ਦੇ ਮੋਢੀ ਆਗੂ ਮੇਘ ਰਾਜ ਮਿੱਤਰ ਕਰ ਰਹੇ ਸਨ। ਤਰਕਸ਼ੀਲ ਸੁਸਾਇਟੀ ਦੇ ਕਾਰਕੁੰਨ ਸਤਪਾਲ ਨੇ ਇਸ ਮੌਕੇ ਦਰੱਖਤ ਦੇ ਵੁੱਪਰ ਚੜ੍ਹਕੇ ਪੂਰਾ ਮਾਮਲੇ ਨੂੰ ਵਾਚਿਆ। ਗਿਣਨਯੋਗ ਹੈ ਕਿ ਪਿਛਲੇ ਕਈ ਦਿਨਾਂ ਤੋਂ ਇਲਾਕੇ ਵਿੱਚ ਇਸ ਗੱਲ ਦੀ ਪੂਰੀ ਚਰਚਾ ਹੈ ਕਿ ਦਰੱਖਤ ਮੀਂਹ ਪਾ ਰਹੇ ਹਨ। ਇਸ ਪੂਰੇ ਮਾਮਲੇ ਵਾਰੇ ਤਰਕਸ਼ੀਲ ਆਗੂ ਮੇਘ ਰਾਜ ਮਿੱਤਰ ਨੇ ਦੱਸਿਆ ਕਿ ਦਰਖਤਾਂ ਦੇ ਮੀਂਹ ਪਾਉਣ ਦਾ ਕੋਈ ਵਰਤਾਰਾ ਨਹੀਂ ਵਾਪਰ ਰਿਹਾ। ਸਗੋਂ ਉਲਟਾ ਇਸ ਇਲਾਕੇ ਵਿੱਚ ਦਰਖਤਾਂ ਉਤੇ ਇੱਕ ਵਿਸ਼ੇਸ਼ ਕਿਸਮ ਦੇ ਟਿੱਡੇ ਨੇ ਹਮਲਾ ਕੀਤਾ ਹੋਇਆ ਹੈ। ਇਹ ਟਿੱਡਾ ਉੱਤੋਂ ਆਪਣਾ ਪਿਸ਼ਾਬ ਸਿੱਟ ਰਿਹਾ ਹੈ ਜੋ ਆਮ ਸਧਾਰਣ ਲੋਕਾਂ ਨੂੰ ਮੀਂਹ ਦੇ ਰੂਪ ਵਿੱਚ ਵਖਾਈ ਦਿੰਦਾ ਹੈ। ਮਿੱਤਰ ਨੇ ਲੋਕਾਂ ਨੂੰ ਵਿਗਿਆਨਕ ਸੋਚ ਅਪਣਾਉਣ ਦਾ ਸੱਦਾ ਦਿੱਤਾ ਅਤੇ ਕਿਹਾ ਲੋਕਾਂ ਨੂੰ ਹਰ ਘਟਨਾ ਪਿੱਛੇ ਕੰਮ ਕਰਦੇ ਕਾਰਨਾਂ ਨੂੰ ਸਮਝਣਾ ਚਾਹੀਦਾ ਹੈ। ਉਨ੍ਹਾਂ ਨੇ ਇਸ ਮੌਕੇ ਇਨਕਲਾਬੀ ਆਗੂ ਨਰੈਣ ਦੱਤ, ਖੁਸ਼ਵਿੰਦਰ ਪਾਲ ਅਤੇ ਅਮਰਜੀਤ ਜੋਧਪੁਰ ਵੀ ਸ਼ਾਮਿਲ ਸਨ। ਇਸ ਮੌਕੇ ਇੰਨ੍ਹਾਂ ਹਾਜਰ ਲੋਕਾਂ ਦੀ ਸ਼ੰਕਾ ਨਿਵਰਤੀ ਵੀ ਕੀਤੀ ਅਤੇ ਉਨ੍ਹਾਂ ਦਰਖਤਾਂ ਤੇ ਮੌਜੂਦ ਟਿੱਡੇ ਵੀ ਵਿਖਾਏ।



## ਈਸਾਈਆਂ ਦੀਆਂ ਮੰਗਾਂ ਬਾਰੇ ਈਸਾਈ ਵਫਦ ਮੁੱਖ ਮੰਤਰੀ ਨੂੰ ਮਿਲੇਗਾ

**ਜਲੰਧਰ–** ਈਸਾਈਆਂ ਦੀਆਂ ਮੰਗਾਂ ਬਾਰੇ ਈਸਾਈ ਵਫਦ ਮੁੱਖ ਮੰਤਰੀ ਨੂੰ ਮਿਲੇਗਾ। ਪਿਛਲੇ ਦਿਨੀਂ ਇਕ ਈਸਾਈ ਵਫਦ ਨੇ ਸ੍ਰੀ ਫਰੈਡੀ ਜੋਜ਼ਫ ਖੁਦਾਈ ਖਿਦਮਤਗਾਰ ਅਤੇ ਸ੍ਰੀ ਯੂਨਸ ਮਸੀਹ ਜਨਰਲ ਸਕੱਤਰ ਮਸੀਹੀ ਦਲ ਦੀ ਅਗਵਾਈ ਵਿਚ ਲੋਕ ਸਭਾ ਹਲਕਾ ਜਲੰਧਰ ਦੇ ਮੈਂਬਰ ਸ੍ਰੀ ਸੰਤੋਖ ਸਿੰਘ ਚੌਧਰੀ ਨੂੰ ਮਿਲਿਆ ਤੇ ਉਹਨਾਂ ਦੇ ਧਿਆਨ ਵਿਚ ਇਹ ਗੱਲ ਲਿਆਂਦੀ ਕਿ ਸਤੰਬਰ 2015 ਵਿਚ ਇਕ ਈਸਾਈ ਵਫਦ ਵੱਲੋਂ ਕੈਪਟਨ ਅਮਰਿੰਦਰ ਸਿੰਘ ਅੱਗੇ ਰੱਖੀਆਂ ਗਈਆਂ ਈਸਾਈ ਮੰਗਾਂ ਨੂੰ ਪੰਜਾਬ ਸਰਕਾਰ ਪੂਰਾ ਕਰੇ। ਵਫਦ ਨੇ ਚੌਧਰੀ ਸਾਹਿਬ ਨੂੰ ਬੇਨਤੀ ਕੀਤੀ ਸੀ ਕਿ ਉਹ ਹੁਣ ਇਹਨਾਂ ਮੰਗਾਂ ਤੇ ਅਮਲ ਕਰਾਉਣ ਲਈ ਮੁੱਖ ਮੰਤਰੀ ਨਾਲ ਗੱਲ ਕਰਨ। ਉਹ ਮੁੜ ਉਸੇ ਵਫਦ ਦੀ ਮੁੱਖ ਮੰਤਰੀ ਨਾਲ ਮੁਲਾਕਾਤ ਕਰਾਉਣ ਤਾਂ ਕਿ ਉਹਨਾਂ ਨੂੰ ਈਸਾਈ ਵਫਦ ਨਾਲ ਕੀਤਾ ਵਾਅਦਾ ਯਾਦ ਕਰਾਇਆ ਜਾ ਸਕੇ। ਜੋ ਈਸਾਈ ਮੰਗਾਂ ਉਸ ਸਮੇਂ ਪੇਸ਼ ਕੀਤੀਆਂ ਗਈਆਂ ਸਨ, ਉਹਨਾਂ ਵਿਚੋਂ ਮੁੱਖ ਇਸ ਪ੍ਰਕਾਰ ਹਨ: (1) ਬੇਰੁਜ਼ਗਾਰ ਈਸਾਈ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦਿੱਤੀਆਂ ਜਾਣ, (2) ਜੋ ਈਸਾਈ ਆਪਣਾ ਕਾਰੋਬਾਰ ਚਲਾਉਣਾ ਚਾਹੁੰਦੇ ਹਨ ਜਾਂ ਚਲਾ ਰਹੇ ਕਾਰੋਬਾਰ ਨੂੰ ਅੱਗੇ ਵਧਾਉਣਾ ਚਾਹੁੰਦੇ ਹਨ, ਉਹਨਾਂ ਨੂੰ ਸਰਕਾਰੀ ਲੋਨ, ਪਰਮਿਟ, ਕੋਟੇ ਅਤੇ ਲਾਇਸੈਂਸ ਦਿੱਤੇ ਜਾਣ, (3) ਬੇਘਰੇ ਈਸਾਈਆਂ ਨੂੰ ਮਕਾਨ ਬਣਾਉਣ ਲਈ ਪਲਾਟ ਦਿੱਤੇ ਜਾਣ, ਜਿੱਥੇ ਜਿੱਥੇ ਈਸਾਈ ਆਬਾਦੀ ਕੋਲ ਕਸਰਿਸਤਾਨ ਨਹੀਂ ਹਨ, ਉਹਨਾਂ ਨੂੰ ਕਬਰਸਤਾਨਾਂ ਲਈ ਥਾਂ ਦਿੱਤੀ ਜਾਵੇ, (4) ਕੱਚੇ ਮਕਾਨ ਪੱਕੇ ਬਣਾਉਣ ਲਈ ਗਰਾਂਟ ਦਿੱਤੀ ਜਾਵੇ, (5) ਈਸਾਈ ਧਾਰਮਿਕ ਸਮਾਗਮਾਂ ਤੇ ਹਮਲੇ ਕਰਨ ਵਾਲੇ ਕੱਟੜਪੰਥੀਆਂ ਨੂੰ ਸਰਕਾਰ ਨੱਥ ਪਾਏ।



ਫਰੈਡੀ ਜੋਜ਼ਫ

ਉਸ ਵਫਦ ਨੇ ਸਪਸ਼ਟ ਕੀਤਾ ਸੀ ਕਿ ਜੇਕਰ ਖਾਨਾਪੂਰਤੀ ਲਈ ਕੁਝ ਈਸਾਈਆਂ ਨੂੰ ਸਰਕਾਰ ਕੁਰਸੀਆਂ ਦਿੰਦੀ ਹੈ ਤਾਂ ਸਾਨੂੰ ਕੋਈ ਇਤਰਾਜ਼ ਨਹੀਂ। ਪਰ ਸਾਡੀ ਕਿਸੇ ਸੀਟ ਦੀ ਕੋਈ ਮੰਗ ਨਹੀਂ। ਅਸੀਂ ਚਾਹੁੰਦੇ ਹਾਂ ਕਿ ਸਾਰੇ ਪੰਜਾਬ ਤੋਂ ਕੁਰਬਾਨੀ ਵਾਲੇ ਸੂਝਵਾਨ ਈਸਾਈਆਂ ਦੀ ਇਕ 101 ਮੈਂਬਰੀ ਕਮੇਟੀ ਬਣਾਈ ਜਾਵੇ। ਉਸ ਨੂੰ ਸਰਕਾਰ ਮਾਨਤਾ ਦੇਵੇ ਅਤੇ ਉਸ ਨਾਲ ਹਰ ਤਿੰਨ ਮਹੀਨੇ ਪਿੱਛੋਂ ਸਰਕਾਰ ਮੀਟਿਗ ਕਰਕੇ ਇਹ ਦੱਸੇ ਕਿ ਉਪਰੋਕਤ ਮੰਗਾਂ ਨੂੰ ਅਮਲ ਵਿਚ ਲਿਆਉਣ ਦੀ ਦਿਸ਼ਾ ਵਿਚ ਕਿੰਨਾ ਕੰਮ ਹੋਇਆ ਅਤੇ ਕਿੰਨਾ ਅਜੇ ਬਾਕੀ ਹੈ।

# ਪੱਤਰਕਾਰਤਾ ਨੂੰ ਅਪਾਹਜ ਬਣਾਉਣ ਤੁਰੀ ਢਾਈ ਬੰਦਿਆਂ ਦੀ ਸਰਕਾਰ!



ਗੁਰਮੀਤ ਸਿੰਘ ਪਲਾਹੀ
91-98158-02070

**ਕੀ ਦੇਸ਼ ਦਾ ਮੀਡੀਆ, ਜਿਸ ਨੂੰ ਲੋਕ ਰਾਜ ਦਾ ਚੌਥਾ ਥੰਮ੍ਹ ਕਿਹਾ ਜਾਂਦਾ ਹੈ, ਏਨਾ ਹੀ ਰੁੜ੍ਹ-ਪੁੜ ਗਿਆ ਹੈ ਕਿ ਉਹ ਸਰਕਾਰ ਦੀ ਅੰਦਰਲੀ ਗੱਲ ਲੋਕਾਂ ਸਾਹਵੇਂ ਪੇਸ਼ ਕਰਨ ਦੇ ਕਾਬਲ ਹੀ ਨਹੀਂ ਰਿਹਾ? ਕੀ ਉਹ ਸਰਕਾਰ ਦੇ ਧੂਤੂ ਅੱਗੇ ਆਪਣੇ ਆਪ ਨੂੰ ਬੌਣਾ ਹੋਇਆ ਤਾਂ ਨਹੀਂ ਮਹਿਸੂਸ ਕਰ ਰਿਹਾ? ਅੱਜ ਵੇਲਾ ਲੋਕਾਂ ਸਾਹਵੇਂ ਉਹ ਸਭ ਕੁਝ ਪੇਸ਼ ਕਰਨ ਦਾ ਹੈ; ਲੋਕ ਮੁੱਦੇ-ਲੋਕ ਸਮੱਸਿਆਵਾਂ, ਬੇਰੁਜ਼ਗਾਰੀ ਦੇ ਅੰਕੜੇ, ਨੋਟ-ਬੰਦੀ ਦੇ ਜਮ੍ਹਾਂ-ਮਨਫੀ ਅੰਕ, ਭੀੜਾਂ ਅਤੇ ਹੱਤਿਆਵਾਂ ਦੀ ਰਾਜਨੀਤੀ, ਹਿੰਦੂਵਾਦ ਦਾ ਅੰਦਰੂਨੀ ਏਜੰਡਾ, ਲੋਕਾਂ ਦੀ ਗ਼ਰੀਬੀ, ਲੋਕਾਂ ਦੀ ਤਰਸ ਯੋਗ ਹਾਲਤ, ਲੋਕਾਂ ਦੇ ਬੁਨਿਆਦੀ ਹੱਕਾਂ ਦਾ ਹਰਨ ਅਤੇ ਸਭ ਤੋਂ ਵੱਧ ਸਿਆਸੀ ਲੋਕਾਂ ਦਾ ਝੂਠ-ਫਰੇਬ, ਜਿਸ ਦੇ ਆਸਰੇ ਉਹ ਲੋਕਾਂ ਨੂੰ ਭਰਮਾ ਕੇ, ਪਤਿਆ ਕੇ, ਗੱਦੀ ਹਥਿਆਉਂਦੇ ਹਨ।**

ਬਹੁਤੀ ਦੂਰ ਨਾ ਵੀ ਜਾਈਏ, ਕੁਝ ਦਿਨ ਪਹਿਲਾਂ ਹੀ ਉਹਨਾਂ ਹਾਕਮਾਂ ਨੂੰ ਪੰਜਾਬ ਦੇ ਲੋਕਾਂ ਨੇ ਗੱਦੀ ਤੋਂ ਉਤਾਰ ਦਿੱਤਾ, ਜਿਹੜੇ ਮੀਡੀਆ ਦੇ ਕੁਝ ਹਿੱਸੇ ਨੂੰ ਅਪਾਹਜ ਬਣਾ ਕੇ ਸਿਰਫ਼ ਤੇ ਸਿਰਫ਼ ਆਪਣੇ ਹਿੱਤਾਂ ਲਈ ਵਰਤ ਰਹੇ ਸਨ। ਇੱਕ ਟੀ ਵੀ ਚੈਨਲ, ਜਿਸ ਨਾਮ ਮੈਂ ਨਾ ਵੀ ਲਿਖਾਂ, ਤਦ ਵੀ ਲੋਕ ਜਾਣਦੇ ਹਨ, ਨੂੰ ਆਪਣਾ ਢੰਡੋਰਚੀ ਬਣਾ ਕੇ 'ਅਸੀਂ ਹੀ ਸੱਚੇ ਹਾਂ', 'ਅਸੀਂ ਹੀ ਲੋਕ ਸੇਵਕ ਹਾਂ' ਦਾ ਫ਼ਰਮਾਨ ਲੋਕਾਂ ਤੱਕ ਪਹੁੰਚਾਉਣ ਦਾ ਉਹਨਾਂ ਨੇ ਅਣਥੱਕ ਯਤਨ ਕੀਤਾ ਸੀ ਅਤੇ ਬਰਾਬਰ 'ਤੇ ਕਿਸੇ ਵੀ ਹੋਰ ਟੀ ਵੀ ਚੈਨਲ, ਕੇਬਲ ਟੀ ਵੀ ਨੂੰ ਪੰਜਾਬ 'ਚ ਫਟਕਣ ਤੱਕ ਨਾ ਦਿੱਤਾ। ਜਿਸ ਕਿਸੇ ਨੇ ਮੂੰਹ ਖੋਲ੍ਹਣ ਦਾ ਯਤਨ ਕੀਤਾ, ਉਸ ਦਾ ਮੂੰਹ ਸੀਊ ਦਿੱਤਾ ਗਿਆ। ਜਿਸ ਅਖ਼ਬਾਰ ਨੇ ਹਾਕਮਾਂ ਦੇ 'ਸੱਚ' ਨੂੰ ਲੋਕਾਂ ਨਾਲ ਸਾਂਝਾ ਕੀਤਾ, ਉਸ ਦੇ ਇਸ਼ਤਿਹਾਰ ਬੰਦ ਕਰ ਦਿੱਤੇ ਗਏ, ਆਪਣੇ ਢੰਡੋਰਚੀਆਂ ਨੂੰ ਦਾਨ-ਦਕਸ਼ਣਾ ਅਤੇ ਖੁੱਲ੍ਹੇ ਗੱਫ਼ੇ ਦਿੱਤੇ ਗਏ, ਪਰ ਕੀ ਉਹ ਲੋਕਾਂ ਦੀ ਆਵਾਜ਼ ਬੰਦ ਕਰ ਸਕੇ?

ਕੁਝ ਸਾਲ ਪਹਿਲਾਂ ਸਾਬਕਾ ਪ੍ਰਧਾਨ ਮੰਤਰੀ ਮਰਹੂਮ ਇੰਦਰਾ ਗਾਂਧੀ ਨੇ ਦੇਸ਼ ਵਿੱਚ ਸੰਕਟਕਾਲੀਨ ਹਾਲਤ ਦੇ ਨਾਮ ਉੱਤੇ ਬਹੁਤੇ ਅਧਿਕਾਰ ਆਪ ਲੈ ਕੇ ਪ੍ਰੈੱਸ ਦੀ ਆਜ਼ਾਦੀ ਨੂੰ ਨੁੱਕਰੇ ਲਾਉਣ ਦਾ ਯਤਨ ਕੀਤਾ ਸੀ। ਕੁਝ ਲੋਕ ਤਾਂ ਮੂੰਹ 'ਚ ਘੁੰਙਣੀਆਂ ਪਾ ਕੇ ਬੈਠ ਗਏ, ਪਰ ਦੇਸ਼ ਦੇ ਕੁਝ ਅਖ਼ਬਾਰਾਂ ਸਮੇਤ ਵੱਡੇ ਅਖ਼ਬਾਰ 'ਇੰਡੀਅਨ ਐਕਸਪ੍ਰੈੱਸ' ਨੇ ਇੰਦਰਾ ਗਾਂਧੀ ਦੇ ਆਪ-ਹੁਦਰੇਪਣ ਦੀਆਂ ਧੱਜੀਆਂ ਉਡਾਈਆਂ ਸਨ। ਡਿਕਟੇਟਰਾਨਾ ਲਹਿਜੇ 'ਚ ਪ੍ਰੈੱਸ ਦੀ ਆਜ਼ਾਦ ਆਵਾਜ਼ ਨੂੰ ਬੰਦ ਕਰਨ ਲਈ ਇੰਦਰਾ ਗਾਂਧੀ ਨੇ 'ਇੰਡੀਅਨ ਐਕਸਪ੍ਰੈੱਸ' ਵਿਰੁੱਧ 120 ਅਪਰਾਧਿਕ ਸ਼ਿਕਾਇਤਾਂ ਦਰਜ ਕਰਵਾਈਆਂ ਸਨ, ਕਿਉਂਕਿ ਇਹ ਅਖ਼ਬਾਰ ਇੰਦਰਾ ਗਾਂਧੀ ਵੱਲੋਂ ਕੀਤੀਆਂ ਜ਼ਿਆਦਤੀਆਂ ਵਿਰੁੱਧ ਦੇਸ਼ ਭਰ 'ਚ ਉਹਨਾਂ ਨੇਤਾਵਾਂ ਤੇ ਲੋਕਾਂ ਦੇ ਹੱਕ 'ਚ ਖੜਿਆ ਸੀ, ਜਿਨ੍ਹਾਂ ਦੇ ਮੁੱਢਲੇ ਅਧਿਕਾਰ, ਬੋਲਣ-ਲਿਖਣ ਦੀ ਆਵਾਜ਼, ਨੂੰ ਉਸ ਨੇ ਚੁੱਪ ਕਰਾਉਣ ਦਾ ਯਤਨ ਕੀਤਾ ਸੀ।

ਤੇ ਹਾਲਾਤ ਅੱਜ ਵੀ ਐਮਰਜੈਂਸੀ ਤੋਂ ਘੱਟ ਨਹੀਂ, ਜਦੋਂ ਆਵਾਜ਼ ਬੁਲੰਦ ਕਰਨ ਵਾਲੇ ਐੱਨ ਡੀ ਟੀ ਵੀ ਚੈਨਲ ਦੇ ਸਹਿ-ਸੰਸਥਾਪਕ ਪਰਨੌਏ ਰਾਏ ਅਤੇ ਉਸ ਦੀ ਪਤਨੀ ਰਾਧਿਕਾ ਦੇ ਘਰ ਤੇ ਕਾਰੋਬਾਰੀ ਥਾਂਵਾਂ ਉੱਤੇ 'ਮੌਕੇ ਦੇ ਰੱਬ' ਬਣੇ ਹਾਕਮ ਨਰਿੰਦਰ ਮੋਦੀ ਦੀ ਸੀ ਬੀ ਆਈ ਨੇ ਛਾਪੇ ਮਾਰੇ ਹਨ। ਉਹਨਾਂ ਛਾਪਿਆਂ ਦਾ ਸੱਚ ਇਥੋਂ ਹੀ ਪਤਾ ਲੱਗਦਾ ਹੈ ਕਿ ਐੱਨ ਡੀ ਟੀ ਵੀ ਉੱਤੇ ਇਲਜ਼ਾਮਾਂ ਬਾਰੇ ਪੇਸ਼ ਕੀਤੇ ਤੱਥਾਂ ਸੰਬੰਧੀ ਸੀ ਬੀ ਆਈ ਕੋਲ ਕੋਈ ਜਵਾਬ ਹੀ ਨਹੀਂ ਹੈ, ਪਰ ਸਿਆਸੀ ਲੋਕ ਤਾਂ ਅੱਗ ਤੋਂ ਬਿਨਾਂ ਹੀ ਧੂੰਆਂ ਪੈਦਾ ਕਰ ਸਕਦੇ ਹਨ। ਸੱਚ ਨੂੰ ਝੂਠ ਅਤੇ ਝੂਠ ਨੂੰ ਸੱਚ ਬਣਾਉਣ ਦੀ ਕਲਾ ਅਤੇ ਕਾਰਨਾਮੇ ਸਿਆਸੀ ਲੋਕਾਂ ਤੋਂ ਸਿੱਖੇ ਜਾ ਸਕਦੇ ਹਨ। ਖ਼ਾਸ ਤੌਰ 'ਤੇ ਪਿਛਲੇ ਤਿੰਨ ਸਾਲ ਦੇ ਮੋਦੀ ਸ਼ਾਸਨ ਵਿੱਚ ਜੋ ਕੁਝ ਵਪਾਰਿਆ, ਤੇ ਜੋ ਕੁਝ ਵਪਾਰਿਆ ਦਰਸਾਇਆ ਜਾ ਰਿਹਾ ਹੈ, ਉਸ ਦਾ ਜ਼ਮੀਨ-ਅਸਮਾਨ ਦਾ ਫ਼ਰਕ ਹੈ।

ਕੀ ਦੇਸ਼ ਦੀ ਪ੍ਰੈੱਸ, ਦੇਸ਼ ਦਾ ਮੀਡੀਆ ਏਨਾ ਅਪਾਹਜ ਹੋ ਚੁੱਕਾ ਹੈ ਕਿ ਉਹ ਸੱਚ ਨੂੰ ਸੱਚ ਕਹਿਣੋਂ ਡਰਨ ਲੱਗ ਪਿਆ ਹੈ? ਕੀ ਚੁੱਪ ਰਹਿ ਕੇ ਦੇਸ਼ ਦਾ ਮੀਡੀਆ ਇੱਕ ਹੋਰ ਐਮਰਜੈਂਸੀ ਨੂੰ ਸੱਦਾ ਤਾਂ ਨਹੀਂ ਦੇ ਰਿਹਾ? ਕੀ ਦੇਸ਼ ਦੇ ਮੀਡੀਆ ਸਾਹਮਣੇ ਹੁਣ ਉਹ ਸਮਾਂ ਨਹੀਂ ਹੈ, ਜਦੋਂ ਸੱਚ ਤੇ ਝੂਠ ਦਾ ਨਿਤਾਰਾ ਕਰਨ ਲਈ ਉਸ ਨੂੰ ਸੱਚ ਦਾ ਸਾਥ ਦੇਣਾ ਚਾਹੀਦਾ ਹੈ? ਇੱਕ ਸਮਾਂ ਸੀ, ਜਦੋਂ ਦੇਸ਼ ਦੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ 'ਡੈਫਾਮੇਸ਼ਨ ਬਿੱਲ' (ਇੱਜ਼ਤ ਹੱਤਕ ਬਿੱਲ) ਲਿਆ ਕੇ ਪ੍ਰੈੱਸ ਦਾ ਗਲਾ ਘੁੱਟਣ ਦਾ ਯਤਨ ਕੀਤਾ ਸੀ। ਉਦੋਂ ਮੀਡੀਆ ਦੇ ਇੱਕ ਹਿੱਸੇ ਨੇ ਚੁੱਪ ਵੱਟ ਲਈ ਸੀ। ਫਿਰ ਪ੍ਰੈੱਸ, ਅਖ਼ਬਾਰਾਂ ਨਾਲ ਜੁੜੇ ਸਿਆਣੇ ਲੋਕਾਂ ਨੇ ਪ੍ਰੈੱਸ ਦੀ ਆਜ਼ਾਦੀ ਦਾ ਹੋਕਾ ਦਿੱਤਾ ਤੇ ਇੱਕ ਦੇਸ਼-ਵਿਆਪੀ ਮੁਹਿੰਮ ਖੜੀ ਹੋ ਗਈ। ਸਰਕਾਰ ਨੂੰ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ। ਉਸ ਨੂੰ ਡੈਫਾਮੇਸ਼ਨ ਬਿੱਲ ਵਾਪਸ ਲੈਣਾ ਪਿਆ ਸੀ।

ਕੀ ਹੁਣ ਵੀ ਉਸ ਕਿਸਮ ਦਾ ਸਮਾਂ ਨਹੀਂ ਆ ਗਿਆ, ਜਦੋਂ ਦੇਸ਼ 'ਚ ਬੋਲਣ, ਤੁਰਨ-ਫਿਰਨ ਦੀ ਆਜ਼ਾਦੀ ਉੱਤੇ ਹਮਲੇ ਹੋ ਰਹੇ ਹਨ? ਭੀੜਾਂ ਵੱਲੋਂ ਹੱਤਿਆਵਾਂ ਦਾ ਖੁੱਲ੍ਹਾ ਦੌਰ ਚੱਲ ਪਿਆ ਹੈ। ਸੱਚ ਬੋਲਣ ਵਾਲੇ ਦੇਸ਼-ਧਰੋਹੀ ਗਰਦਾਨੇ ਜਾ ਰਹੇ ਹਨ। ਉਹਨਾਂ ਨੂੰ ਜੇਲ੍ਹਾਂ 'ਚ ਤਾੜਨ ਦਾ ਅਮਲ ਸ਼ੁਰੂ ਹੋ ਚੁੱਕਾ ਹੈ। 'ਜੋ ਅਸੀਂ ਕਹਿੰਦੇ ਹਾਂ, ਉਹੀ ਸੱਚ ਹੈ' ਦਾ ਅਲਾਪ ਦੇਸ਼ ਭਰ 'ਚ ਅਲਾਪਿਆ ਜਾ ਰਿਹਾ ਹੈ। ਕੀ ਹੁਣ ਸਮਾਂ ਨਹੀਂ ਆ ਗਿਆ ਕਿ ਇਹਨਾਂ ਹਮਲਿਆਂ ਦਾ ਸਾਹਮਣਾ ਸਜੱਗ ਹੋ ਕੇ, ਸੁਚੇਤ ਹੋ ਕੇ ਕੀਤਾ ਜਾਵੇ?

ਆਜ਼ਾਦੀ ਤੋਂ ਬਾਅਦ ਜਦੋਂ-ਜਦੋਂ ਵੀ ਦੇਸ਼ ਵਿੱਚ ਹਾਕਮ ਜਮਾਤ ਲੋੜੋਂ ਵੱਧ ਬਹੁ-ਗਿਣਤੀ ਲੈ ਕੇ ਜਿੱਤੀ, ਉਸ ਵੱਲੋਂ ਡਿਕਟੇਟਰਾਨਾ ਢੰਗ ਨਾਲ ਹਕੂਮਤ ਕਰਨ ਦਾ ਯਤਨ ਹੋਇਆ। ਮਨਮਰਜ਼ੀ ਦੀਆਂ ਨੀਤੀਆਂ, ਮਨਮਰਜ਼ੀ ਦੇ ਸਲਾਹਕਾਰ, ਮਨਮਰਜ਼ੀ ਦਾ ਹਕੂਮਤੀ ਢਾਂਚਾ ਲਾਗੂ ਹੋਇਆ। ਲੋਕਤੰਤਰਿਕ ਕਦਰਾਂ-ਕੀਮਤਾਂ ਨੂੰ ਛੱਡ ਕੇ ਪ੍ਰਧਾਨ ਮੰਤਰੀ ਦਫ਼ਤਰ ਵੱਲੋਂ ਮੰਤਰੀਆਂ ਜਾਂ ਚੁਣੇ ਹੋਏ ਪਾਰਲੀਮੈਂਟ ਮੈਂਬਰਾਂ ਨੂੰ ਨੁੱਕਰੇ ਲਾ ਕੇ ਮਨਮਰਜ਼ੀ ਦੇ ਢੰਗ-ਤਰੀਕਿਆਂ ਨਾਲ ਆਪ-ਹੁਦਰੇ ਸਿਆਸੀ ਹੁਕਮਾਂ ਤੇ ਟੌਹਰ-ਟੱਪੇ ਨਾਲ ਰਾਜ ਕੀਤਾ ਗਿਆ। ਇਹੋ ਹਾਲ ਹੁਣ ਹੈ।

ਮੌਜੂਦਾ ਸਰਕਾਰ ਮੰਤਰੀਆਂ ਦੀ ਨਹੀਂ ਹੈ। ਪ੍ਰਸਿੱਧ ਪੱਤਰਕਾਰ ਅਰੁਣ ਸ਼ੋਰੀ ਅਨੁਸਾਰ ਇਹ ਸਰਕਾਰ ਢਾਈ ਆਦਮੀਆਂ ਦੀ ਸਰਕਾਰ ਹੈ, ਜਿਹੜੀ ਦੇਸ਼ ਦੇ ਹਰ ਘਟਨਾਕਰਮ ਉੱਤੇ ਸੋਸ਼ਲ ਮੀਡੀਆ ਰਾਹੀਂ ਨਜ਼ਰ ਰੱਖਦੀ ਹੈ ਅਤੇ ਉਸੇ ਤਾਣੇ-ਬਾਣੇ ਰਾਹੀਂ ਲੋਕਾਂ ਤੱਕ ਪਹੁੰਚ ਕਰਨ ਦਾ ਯਤਨ ਕਰਦੀ ਹੈ। ਸਰਕਾਰ ਦਾ ਕੰਮ ਇਸ ਕਿਸਮ ਦਾ ਹੈ ਕਿ ਜਿਹੜੀ ਸੂਚਨਾ ਉਸ ਬਾਰੇ ਆਰ ਟੀ ਆਈ ਰਾਹੀਂ ਮੰਗੀ ਜਾਂਦੀ ਹੈ, 'ਉਹ ਲੋਕ ਹਿੱਤ ਵਿੱਚ ਨਹੀਂ ਹੈ' ਦਾ ਬਹਾਨਾ ਲਾ ਕੇ ਮੁਹੱਈਆ ਹੀ ਨਹੀਂ ਕੀਤੀ ਜਾਂਦੀ, ਤਾਂ ਕਿ ਲੋਕਾਂ ਨੂੰ ਅਸਲੀਅਤ ਦਾ ਪਤਾ ਨਾ ਲੱਗੇ; ਬੱਸ ਲੋਕ ਸੁਣਨ ਤਾਂ ਸਿਰਫ਼ ਨਾਹਰੇ, ਲੋਕ ਸੁਣਨ ਤਾਂ ਸਿਰਫ਼ ਸਰਕਾਰ ਵੱਲੋਂ ਪੇਸ਼ ਅੱਧੇ-ਅਧੂਰੇ, ਝੂਠੇ-ਸੱਚੇ ਅੰਕੜੇ।

ਕੀ ਦੇਸ਼ ਦਾ ਮੀਡੀਆ, ਜਿਸ ਨੂੰ ਲੋਕ ਰਾਜ ਦਾ ਚੌਥਾ ਥੰਮ੍ਹ ਕਿਹਾ ਜਾਂਦਾ ਹੈ, ਏਨਾ ਹੀ ਰੁੜ੍ਹ-ਪੁੜ ਗਿਆ ਹੈ ਕਿ ਉਹ ਸਰਕਾਰ ਦੀ ਅੰਦਰਲੀ ਗੱਲ ਲੋਕਾਂ ਸਾਹਵੇਂ ਪੇਸ਼ ਕਰਨ ਦੇ ਕਾਬਲ ਹੀ ਨਹੀਂ ਰਿਹਾ? ਕੀ ਉਹ ਸਰਕਾਰ ਦੇ ਧੂਤੂ ਅੱਗੇ ਆਪਣੇ ਆਪ ਨੂੰ ਬੌਣਾ ਹੋਇਆ ਤਾਂ ਨਹੀਂ ਮਹਿਸੂਸ ਕਰ ਰਿਹਾ? ਅੱਜ ਵੇਲਾ ਲੋਕਾਂ ਸਾਹਵੇਂ ਉਹ ਸਭ ਕੁਝ ਪੇਸ਼ ਕਰਨ ਦਾ ਹੈ; ਲੋਕ ਮੁੱਦੇ-ਲੋਕ ਸਮੱਸਿਆਵਾਂ, ਬੇਰੁਜ਼ਗਾਰੀ ਦੇ ਅੰਕੜੇ, ਨੋਟ-ਬੰਦੀ ਦੇ ਜਮ੍ਹਾਂ-ਮਨਫੀ ਅੰਕ, ਭੀੜਾਂ ਅਤੇ ਹੱਤਿਆਵਾਂ ਦੀ ਰਾਜਨੀਤੀ, ਹਿੰਦੂਵਾਦ ਦਾ ਅੰਦਰੂਨੀ ਏਜੰਡਾ, ਲੋਕਾਂ ਦੀ ਗ਼ਰੀਬੀ, ਲੋਕਾਂ ਦੀ ਤਰਸ ਯੋਗ ਹਾਲਤ, ਲੋਕਾਂ ਦੇ ਬੁਨਿਆਦੀ ਹੱਕਾਂ ਦਾ ਹਰਨ ਅਤੇ ਸਭ ਤੋਂ ਵੱਧ ਸਿਆਸੀ ਲੋਕਾਂ ਦਾ ਝੂਠ-ਫਰੇਬ, ਜਿਸ ਦੇ ਆਸਰੇ ਉਹ ਲੋਕਾਂ ਨੂੰ ਭਰਮਾ ਕੇ, ਪਤਿਆ ਕੇ, ਗੱਦੀ ਹਥਿਆਉਂਦੇ ਹਨ। ਕੀ ਪ੍ਰੈੱਸ, ਮੀਡੀਆ, ਅਖ਼ਬਾਰਾਂ, ਲੋਕ-ਹਿਤੈਸ਼ੀ ਪੱਤਰਕਾਰਾਂ ਕੋਲ ਸੋਸ਼ਲ ਮੀਡੀਏ ਦਾ ਹਥਿਆਰ ਵਰਤਣ ਦਾ ਸਮਾਂ ਨਹੀਂ? ਪ੍ਰੈੱਸ ਕੋਲ ਆਪਣੀ ਇੱਕ ਜੁੱਟਤਾ ਹੈ, ਅਦਾਲਤੀਂ ਜਾਣ ਦੇ ਸਾਧਨ ਹਨ। ਉਹਨਾਂ ਪੱਲੇ ਸਰੋਤਿਆਂ ਅਤੇ ਪਾਠਕਾਂ ਦੀ ਵੱਡੀ ਗਿਣਤੀ ਹੈ, ਜੋ ਸਰਕਾਰ ਬਦਲਣ ਦਾ ਬਲ ਰੱਖਦੀ ਹੈ। ਤਦ ਫਿਰ ਝੇਪ ਕਾਹਦੀ? ਅੱਜ ਐੱਨ ਡੀ ਟੀ ਵੀ ਨਿਸ਼ਾਨਾ ਹੈ, ਕੱਲ੍ਹ ਨੂੰ ਹੋਰ ਟੀ ਵੀ ਚੈਨਲ, ਅਖ਼ਬਾਰ, ਜਾਂ ਸੁਚੇਤ ਲੋਕ ਨਿਸ਼ਾਨਾ ਬਣ ਸਕਦੇ ਹਨ। ਹਕੂਮਤਾਂ ਸੱਚੇ ਲੋਕਾਂ ਨੂੰ ਬਖਸ਼ਦੀਆਂ ਨਹੀਂ, ਅਤੇ ਜੋ ਕੁਝ ਮੋਦੀ ਸ਼ਾਸਨ ਵਿੱਚ ਪਿਛਲੇ ਤਿੰਨ ਸਾਲਾਂ ਤੋਂ ਹੋ ਰਿਹਾ ਹੈ, ਉਹ ਨਵਾਂ ਨਹੀਂ। ਇਹ ਕਾਂਗਰਸ ਦੇ ਰਾਜ ਵਿੱਚ ਵੀ ਵਾਪਰਿਆ ਸੀ, ਇਹ ਵਾਜਪਾਈ ਦੇ ਰਾਜ ਦੇ ਦਿਨਾਂ ਵਿੱਚ ਵੀ ਵਾਪਰਿਆ ਸੀ। ਹਕੂਮਤਾਂ ਦਾ ਪੱਤਰਕਾਰਾਂ, ਪ੍ਰੈੱਸ ਲਈ ਸਦਾ ਹੀ ਸੁਨੇਹਾ ਹੁੰਦਾ ਹੈ, ਆਪਣੇ ਦੇਸ਼ ਵਿੱਚ ਹੀ ਨਹੀਂ ਸੰਸਾਰ ਭਰ ਵਿੱਚ, ਤੇ ਉਹ ਇਹ ਕਿ 'ਰਤਾ ਕੁ ਝੁਕ ਜਾਉ, ਹਕੂਮਤ ਤੁਹਾਡੇ ਨਾਲ ਹੈ। ਤੁਸੀਂ ਰਤਾ ਕੁ ਆਤਮ-ਸਨਮਾਨ ਨਾਲ ਖੜ ਜਾਉ, ਉਹ ਤੁਹਾਡੇ ਨੇੜੇ ਨਹੀਂ ਆਉਣਗੇ'।

ਅੱਜ ਮੋਦੀ ਪ੍ਰਸ਼ਾਸਨ ਵੱਲੋਂ ਇਮਾਰਤਾਂ ਦੀਆਂ ਅੰਦਰੂਨੀ ਖ਼ਬਰਾਂ ਤੱਕ ਪਹੁੰਚ ਦੇ ਦਰਵਾਜ਼ੇ ਬੰਦ ਕਰਨ ਦਾ ਯਤਨ ਹੋ ਰਿਹਾ ਹੈ। ਉਦਾਹਰਣ ਦੇ ਤੌਰ 'ਤੇ 'ਇੰਡੀਅਨ ਐਕਸਪ੍ਰੈੱਸ' ਵੱਲੋਂ ਆਰ ਟੀ ਆਈ ਤਹਿਤ ਮੰਗੀ ਸੂਚਨਾ ਪਹਿਲੇ ਸੱਟੇ ਮੁਹੱਈਆ ਨਹੀਂ ਹੁੰਦੀ, ਰੱਦ ਕਰ ਦਿੱਤੀ ਜਾਂਦੀ ਹੈ, ਮੁੜ ਅਪੀਲਾਂ ਰਾਹੀਂ ਸੂਚਨਾਵਾਂ ਲਈਆਂ ਜਾ ਰਹੀਆਂ ਹਨ। ਪੱਤਰਕਾਰਾਂ ਨੂੰ ਧਮਕਾਇਆ ਜਾ ਰਿਹਾ ਹੈ। ਉਹਨਾਂ ਨੂੰ ਲਾਲਚ ਦਿੱਤੇ ਜਾ ਰਹੇ ਹਨ। ਉਹਨਾਂ ਨੂੰ ਦੰਡਿਤ ਕਰਨ ਲਈ ਵੱਖੋ-ਵੱਖਰੇ ਤਰੀਕੇ ਅਪਣਾਏ ਜਾ ਰਹੇ ਹਨ। ਇਹ ਭਾਰਤੀ ਪੱਤਰਕਾਰਤਾ ਲਈ ਚੁਣੌਤੀ ਹੈ। ਪੱਤਰਕਾਰਤਾ ਦੇ ਆਪਣੇ ਨਿਯਮ ਹੁੰਦੇ ਹਨ, ਜਿਨ੍ਹਾਂ ਵਿੱਚ ਹੋਰ ਕਿਸੇ ਦਾ ਵੀ ਦਖ਼ਲ ਬਰਦਾਸ਼ਤ ਨਹੀਂ ਹੁੰਦਾ, ਸਰਕਾਰ ਦਾ ਤਾਂ ਬਿਲਕੁਲ ਵੀ ਨਹੀਂ। ਸਰਕਾਰ ਦੀਆਂ ਨੀਤੀਆਂ ਦੀ ਸਮੀਖਿਆ ਪੱਤਰਕਾਰਤਾ ਦਾ ਹੱਕ ਹੈ। ਇਹ ਠੀਕ ਹੈ ਕਿ ਸਰਕਾਰ ਨੂੰ ਹਰ ਮਸਲੇ ਸੰਬੰਧੀ ਆਪਣਾ ਪੱਖ ਰੱਖਣ ਦਾ ਹੱਕ ਹੈ, ਪਰ ਸੱਚਾਈ ਨੂੰ ਤੋੜਨ-ਮਰੋੜਨ ਵਾਲਿਆਂ ਨੂੰ ਨੰਗਾ ਕਰਨਾ ਪੱਤਰਕਾਰਾਂ ਦਾ ਹੱਕ ਹੈ।

ਇੱਕ ਪ੍ਰਸਿੱਧ ਪੱਤਰਕਾਰ ਅਨੁਸਾਰ ਮੀਡੀਆ ਸਰਕਾਰੀ ਪ੍ਰਭਾਵ ਹੇਠ ਆ ਗਿਆ ਹੈ। ਇੱਕ ਸਿੱਧਾ ਸਰਕਾਰੀ ਪ੍ਰਭਾਵ ਹੇਠ, ਦੂਸਰਾ ਕਾਰਪੋਰੇਟ ਸੈਕਟਰ ਰਾਹੀਂ। ਇਹ ਠੀਕ ਹੈ ਕਿ ਮੀਡੀਆ ਵਿਚਲੀਆਂ ਕਾਲੀਆਂ ਭੇਡਾਂ ਆਪਣੇ ਸਵਾਰਥਾਂ ਲਈ ਸਰਕਾਰੀ ਦੁੰਮ-ਛੱਲੇ ਵੀ ਬਣਦੀਆਂ ਹਨ, ਪਰ ਸੱਚ-ਹੱਕ ਲਈ ਲੜਨ ਅਤੇ ਲੋਕ ਹਿੱਤਾਂ ਲਈ ਜਾਨਾਂ ਕੁਰਬਾਨ ਕਰਨ ਵਾਲਿਆਂ ਦੀ ਵੀ ਕਮੀ ਨਹੀਂ ਹੈ, ਕਿਉਂਕਿ ਉਹ ਜਾਣਦੇ ਹਨ ਕਿ ਲੋਕ ਸੱਚ ਲਈ ਲੜਨ ਵਾਲਿਆਂ ਨਾਲ ਖੜਦੇ ਹਨ ਅਤੇ ਝੂਠੇ-ਫਰੇਬੀਆਂ ਨੂੰ ਸਰੇਆਮ ਨੰਗਾ ਕਰਦੇ ਹਨ। ਸਾਲ 2015 'ਚ 9 ਭਾਰਤੀ ਪੱਤਰਕਾਰਾਂ ਨੂੰ ਆਪਣੇ ਇਮਾਨਦਾਰਾਨਾ ਕੰਮ ਲਈ ਜਾਨ ਗੁਆਉਣੀ ਪਈ ਸੀ।

ਅੱਜ ਸਮਾਂ ਆਜ਼ਾਦੀ ਲਈ ਖੜਨ ਦਾ ਹੈ। ਬੁਨਿਆਦੀ ਹੱਕਾਂ ਦੀ ਰਾਖੀ ਲਈ ਲੜਨ ਦਾ ਹੈ। ਸਮਾਂ ਲੁਕ ਬੈਠਣ ਦਾ ਨਹੀਂ। ਹਕੂਮਤ ਨੂੰ ਪ੍ਰੈੱਸ, ਮੀਡੀਆ ਵੱਲੋਂ ਸ਼ੀਸ਼ਾ ਦਿਖਾਉਣ ਦਾ ਹੈ, ਸੱਤਾ ਦੇ ਗੁਣ ਗਾਉਣ ਦਾ ਨਹੀਂ। ਜੇ ਸਮਾਂ ਰਹਿੰਦਿਆਂ ਪ੍ਰੈੱਸ ਖੁੱਡੇ ਲੱਗ ਗਈ, ਸੱਚ ਕਹਿਣ ਤੋਂ ਸ਼ਰਮਾ ਗਈ, ਚੁੱਪ ਤਾਣ ਕੇ ਬੈਠ ਗਈ ਤਾਂ ਸਮਝੋ ਜਿਸ ਪ੍ਰੈੱਸ ਦੀ ਆਜ਼ਾਦੀ ਉੱਤੇ ਭਾਰਤੀ ਮਾਣ ਕਰਦੇ ਹਨ, ਉਸੇ ਵਾਸਤੇ ਦੁਨੀਆ ਭਰ 'ਚ ਉਹਨਾਂ ਨੂੰ ਸ਼ਰਮਿੰਦਾ ਹੋਣਾ ਪਵੇਗਾ। ਸਮਝਣ ਦੀ ਲੋੜ ਹੈ ਕਿ ਕੀ ਬਿੱਲੀ ਅੱਖਾਂ ਬੰਦ ਕਰੀ ਬੈਠੇ ਕਬੂਤਰ ਨੂੰ ਬਖਸ਼ ਦੇਵੇਗੀ?

# ਕੈਪਟਨ ਵੱਲੋਂ ਕਿਸਾਨਾਂ ਦੇ ਦੋ ਲੱਖ ਤੱਕ ਦੇ ਫ਼ਸਲੀ ਕਰਜ਼ੇ ਮੁਆਫ਼

**ਚੰਡੀਗੜ੍ਹ-** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸੂਬੇ ਦੇ ਪੰਜ ਏਕੜ ਤੱਕ ਜ਼ਮੀਨ ਦੀ ਮਾਲਕੀ ਵਾਲੇ ਕਿਸਾਨਾਂ ਦਾ ਦੋ ਲੱਖ ਰੁਪਏ ਦਾ ਤੇ ਖ਼ੁਦਕੁਸ਼ੀ ਪੀੜਤ ਪਰਿਵਾਰਾਂ ਦਾ ਪੂਰਾ ਕਰਜ਼ਾ ਮੁਆਫ਼ ਕਰਨ ਸਣੇ ਕਈ ਅਹਿਮ ਐਲਾਨ ਕੀਤੇ ਹਨ। ਮੁੱਖ ਮੰਤਰੀ ਨੇ ਦਾਅਵਾ ਕੀਤਾ ਕਿ ਇਸ ਨਾਲ ਕਰੀਬ 18.5 ਲੱਖ ਕੁੱਲ ਕਿਸਾਨਾਂ ਵਿੱਚੋਂ 10.25 ਲੱਖ ਨੂੰ ਫ਼ਾਇਦਾ ਹੋਵੇਗਾ। ਉਨ੍ਹਾਂ ਖ਼ੁਦਕੁਸ਼ੀ ਪੀੜਤ ਪਰਿਵਾਰਾਂ ਲਈ ਰਾਹਤ ਦੀ ਰਕਮ ਤਿੰਨ ਲੱਖ ਰੁਪਏ ਤੋਂ ਵਧਾ ਕੇ ਪੰਜ ਲੱਖ ਰੁਪਏ ਕਰਨ, ਵਿਧਾਨ ਸਭਾ ਦੀ ਇੱਕ ਕਮੇਟੀ ਬਣਾ ਦਾ ਐਲਾਨ ਕੀਤਾ। ਇਹ ਕਮੇਟੀ ਖ਼ੁਦਕੁਸ਼ੀ ਪੀੜਤ ਪਰਿਵਾਰਾਂ ਨਾਲ ਗੱਲਬਾਤ ਰਾਹੀਂ ਖ਼ੁਦਕੁਸ਼ੀ ਦੇ ਕਾਰਨਾਂ ਦਾ ਪਤਾ ਲਾ ਕੇ ਰਿਪੋਰਟ ਦੇਵੇਗੀ। ਸਨਅਤਾਂ ਲਈ ਬਿਜਲੀ ਦੀ ਦਰ ਪੰਜ ਰੁਪਏ ਪ੍ਰਤੀ ਯੂਨਿਟ ਹੀ ਕਾਇਮ ਰੱਖਣ ਅਤੇ ਪੰਜਾਬ ਦੀਆਂ ਟਰੱਕ ਯੂਨੀਅਨਾਂ ਭੰਗ ਕਰਨ ਦਾ ਐਲਾਨ ਵੀ ਕੀਤਾ।

ਰਾਜਪਾਲ ਦੇ ਭਾਸ਼ਣ ਉੱਤੇ ਬਹਿਸ ਦਾ ਜਵਾਬ ਦਿੰਦਿਆਂ ਕੈਪਟਨ ਅਮਰਿੰਦਰ ਸਿੰਘ ਨੇ ਐਲਾਨ ਕੀਤਾ ਕਿ ਸਰਕਾਰ ਨੇ ਉਨ੍ਹਾਂ ਸਾਰੇ ਛੋਟੇ (ਪੰਜ ਏਕੜ) ਅਤੇ ਸੀਮਾਂਤ (ਢਾਈ ਏਕੜ) ਕਿਸਾਨਾਂ ਦੇ ਦੋ ਲੱਖ ਰੁਪਏ ਤੱਕ ਦੇ ਫ਼ਸਲੀ ਕਰਜ਼ੇ ਮੁਆਫ਼ ਕਰਨ ਦਾ ਫੈਸਲਾ ਕੀਤਾ ਹੈ, ਜਿਨ੍ਹਾਂ ਸਿਰ ਦੋ ਲੱਖ ਤੱਕ ਦਾ ਹੀ ਫ਼ਸਲੀ ਕਰਜ਼ਾ ਹੈ। ਇਸ ਦਾਇਰੇ ਵਿੱਚ 8.70 ਲੱਖ ਕਿਸਾਨ ਆ ਜਾਣਗੇ। ਇਸ ਤੋਂ ਇਲਾਵਾ ਢਾਈ ਏਕੜ ਤੱਕ ਮਾਲਕੀ ਵਾਲੇ ਜਿਨ੍ਹਾਂ ਕਿਸਾਨਾਂ ਸਿਰ ਫ਼ਸਲੀ ਕਰਜ਼ਾ ਦੋ ਲੱਖ ਰੁਪਏ ਤੋਂ ਵੱਧ ਵੀ ਹੋਵੇਗਾ, ਉਨ੍ਹਾਂ ਦੇ ਵੀ ਦੋ ਲੱਖ ਰੁਪਏ ਮੁਆਫ਼ ਕੀਤੇ ਜਾਣਗੇ। ਇਸ ਦਾਇਰੇ ਵਿੱਚ ਕਰੀਬ 1.5 ਲੱਖ ਕਿਸਾਨ ਹੋਰ ਆ ਜਾਣਗੇ। ਇੰਜ ਭਾਵ 10.25 ਲੱਖ ਦੇ ਕਰੀਬ ਕਿਸਾਨਾਂ ਨੂੰ ਰਾਹਤ ਮਿਲੇਗੀ।

ਉਨ੍ਹਾਂ ਖ਼ੁਦਕੁਸ਼ੀ ਪੀੜਤ ਕਿਸਾਨ ਪਰਿਵਰਾਂ ਦਾ ਪੂਰਾ ਕਰਜ਼ਾ ਸਰਕਾਰ ਵੱਲੋਂ ਅਦਾ ਕੀਤੇ ਜਾਣ ਦਾ ਐਲਾਨ ਕੀਤਾ ਹੈ। ਇਹ ਪੀੜਤ ਪਰਿਵਾਰ ਸੂਬੇ ਦੀਆਂ ਤਿੰਨਾਂ ਯੂਨੀਵਰਸਿਟੀਆਂ ਵੱਲੋਂ ਦਿੱਤੀ ਜਾਣ ਵਾਲੀ ਰਿਪੋਰਟ ਦੇ ਆਧਾਰ ਉੱਤੇ ਮੰਨੇ ਜਾਣਗੇ। ਉਨ੍ਹਾਂ ਖ਼ੁਦਕੁਸ਼ੀ ਪੀੜਤ ਪਰਿਵਰਾਂ ਨੂੰ ਦਿੱਤੀ ਜਾਣ ਵਾਲੀ 3 ਲੱਖ ਰੁਪਏ ਦੀ ਰਾਹਤ ਵਧਾ ਕੇ 5 ਲੱਖ ਰੁਪਏ ਕਰਨ ਦਾ ਐਲਾਨ ਵੀ ਕੀਤਾ। ਕਾਂਗਰਸ ਦੇ ਚੋਣ ਮੈਨੀਫੈਸਟੋ ਵਿੱਚ ਇਹ ਰਕਮ ਦਸ ਲੱਖ ਰੁਪਏ ਕਰਨ ਦਾ ਵਾਅਦਾ ਸੀ। ਮੁੱਖ ਮੰਤਰੀ ਨੇ ਇਹ ਫੈਸਲੇ ਖੇਤੀ ਕਰਜ਼ਾ ਮੁਆਫ਼ ਕਰਨ ਸਬੰਧੀ ਬਣਾਈ ਟੀ. ਹੱਕ ਕਮੇਟੀ ਦੀ ਅੰਤਰਿਮ ਰਿ-ਪੋਰਟ ਅਤੇ ਕਮੇਟੀ ਨਾਲ ਕੀਤੀ ਮੀਟਿੰਗ ਦੇ ਆਧਾਰ ਉੱਤੇ ਕੀਤੇ। ਕਮੇਟੀ ਨੇ ਦੋ ਮਹੀਨੇ ਅੰਦਰ ਆਪਣੀ ਵਿਸਥਾਰਤ ਰਿਪੋਰਟ ਦੇਣੀ ਹੈ। ਇੱਕ ਅਨੁਮਾਨ ਅਨੁਸਾਰ ਮੁੱਖ ਮੰਤਰੀ ਵੱਲੋਂ ਕੀਤੇ ਐਲਾਨ ਨਾਲ ਕਿਸਾਨਾਂ ਦੇ ਲਗਪਗ 10 ਤੋਂ 12 ਹਜ਼ਾਰ ਕਰੋੜ ਰੁਪਏ ਦੇ ਕਰਜ਼ੇ ਮੁਆਫ਼ ਹੋਣਗੇ। ਗੌਰਤਲਬ ਹੈ ਕਿ ਕਰਜ਼ ਮੁਆਫ਼ੀ ਵਿੱਚ ਖੇਤੀ ਮਸ਼ੀਨਰੀ ਜਾਂ ਸਹਾਇਕ ਧੰਦਿਆਂ ਲਈ ਲਏ ਕਰਜ਼ੇ (ਟਰਮ ਲੋਨ) ਸ਼ਾਮਿਲ ਨਹੀਂ ਹਨ। ਸ਼ਾਹੂਕਾਰਾ ਕਰਜ਼ਾ ਵੀ ਇਸ ਵਿੱਚ ਸ਼ਾਮਿਲ ਨਹੀਂ ਹੈ। ਮੁੱਖ ਮੰਤਰੀ ਨੇ ਐਲਾਨ ਕੀਤਾ ਕਿ ਸ਼ਾਹੂਕਾਰਾ ਕਰਜ਼ੇ ਸਬੰਧੀ ਕਮੇਟੀ ਬਣਾਈ ਗਈ ਹੈ, ਜੋ ਇਨ੍ਹਾਂ ਨੂੰ ਨਿਯਮਤ ਕਰਨ ਅਤੇ ਹੱਲ ਕਰਨ ਲਈ ਕਾਨੂੰਨ ਬਣਾਉਣ ਸਬੰਧੀ ਰਿਪੋਰਟ ਪੇਸ਼ ਕਰੇਗੀ। ਹੱਕ ਕਮੇਟੀ ਦੀ ਵਿਸਥਾਰਤ ਰਿਪੋਰਟ ਪਿੱਛੋਂ ਟਰਮ ਲੋਨ ਬਾਰੇ ਵੀ ਫੈਸਲਾ ਹੋਣ ਦੇ ਆਸਾਰ ਹਨ।



ਮੁੱਖ ਮੰਤਰੀ ਨੇ ਬਾਗਬਾਨੀ ਨੂੰ ਹੁਲਾਰਾ ਦੇਣ ਲਈ ਡਾ. ਐਮ.ਐਸ. ਰੰਧਾਵਾ ਦੇ ਨਾਂ ਉੱਤੇ ਇੱਕ ਬਾਗਬਾਨੀ ਯੂਨੀਵਰਸਿਟੀ ਸਥਾਪਿਤ ਕਰਨ ਦਾ ਵੀ ਐਲਾਨ ਕੀਤਾ। ਉਨ੍ਹਾਂ ਦੀ ਅਪੀਲ ਉੱਤੇ ਸਪੀਕਰ ਨੇ ਵਿਧਾਨ ਸਭਾ ਦੀ ਪੰਜ ਮੈਂਬਰੀ ਕਮੇਟੀ ਬਣਾ ਕੇ ਖ਼ੁਦਕੁਸ਼ੀ ਪੀੜਤ ਪਰਿਵਾਰਾਂ ਨਾਲ ਗੱਲਬਾਤ ਤੋਂ ਬਾਅਦ ਰਿਪੋਰਟ ਪੇਸ਼ ਕਰਨ ਬਾਰੇ ਸਹਿਮਤੀ ਜਤਾਈ। ਕਿਸਾਨਾਂ ਨੂੰ ਮੁਫ਼ਤ ਬਿਜਲੀ ਦੀ ਸਹੂਲਤ ਜਾਰੀ ਰੱਖਣ ਦਾ ਵਾਅਦਾ ਮੁੜ ਦੁਹਰਾਉਂਦਿਆਂ ਕੈਪਟਨ ਨੇ ਵੱਡੇ ਕਿਸਾਨਾਂ ਨੂੰ ਸਵੈਇੱਛਕ ਤੌਰ ਉੱਤੇ ਮੁਫ਼ਤ ਬਿਜਲੀ ਦੀ ਸਹੂਲਤ ਛੱਡ ਦੇਣ ਦੀ ਅਪੀਲ ਕੀਤੀ। ਕਾਂਗਰਸ ਵਿਧਾਇਕਾਂ ਨੇ ਹੱਥ ਖੜ੍ਹੇ ਕਰਕੇ ਇਸ ਦਾ ਸਮਰਥਨ ਕੀਤਾ। ਅਕਾਲੀ ਵਿਧਾਇਕ ਪਹਿਲਾਂ ਹੀ ਵਾਕਆਊਟ ਕਰਕੇ ਜਾ ਚੁੱਕੇ ਹਨ। ਮੁੱਖ ਮੰਤਰੀ ਨੇ ਅੰਗਰੇਜ਼ੀ ਵਿੱਚ ਲੰਬਾ ਭਾਸ਼ਣ ਪੜ੍ਹਦਿਆਂ ਰਿਆਇਤਾਂ ਦਾ ਐਲਾਨ ਕੀਤਾ। ਉਨ੍ਹਾਂ ਸੂਬੇ ਵਿੱਚ ਸਨਅਤਾਂ ਲਈ ਬਿਜਲੀ ਦਰ ਪ੍ਰਤੀ ਯੂਨਿਟ 5 ਰੁਪਏ ਤੱਕ ਜਾਮ ਕਰਨ ਭਾਵ ਅੱਗੋਂ ਵੀ ਇਸ ਨੂੰ ਨਾ ਵਧਾਉਣ ਦਾ ਐਲਾਨ ਕੀਤਾ। ਸਨਅਤਕਾਰਾਂ ਦੀ ਮੰਗ ਉੱਤੇ ਟਰੱਕ ਯੂਨੀਅਨਾਂ ਨੂੰ ਇੱਕੋ ਝਟਕੇ ਬੰਦ ਕਰਨ ਦਾ ਐਲਾਨ ਵੀ ਕਰ ਦਿੱਤਾ। ਮੁੱਖ ਮੰਤਰੀ ਦੇ ਐਲਾਨਾਂ ਦਾ ਸਵਾਗਤ ਕਰਦਿਆਂ ਵਿਧਾਨ ਸਭਾ ਨੇ ਸਰਬਸੰਮਤੀ ਨਾਲ ਤਿੰਨ ਧੰਨਵਾਦੀ ਮਤੇ ਵੀ ਪਾਸ਼ ਕੀਤੇ। ਖੇਤੀ ਖੇਤਰ ਲਈ 'ਆਪ' ਦੇ ਕੰਵਰ ਸੰਧੂ, ਉਦਯੋਗਾਂ ਲਈ 'ਆਪ' ਦੇ ਅਮਨ ਅਰੋੜਾ ਨੇ ਵੀ ਮਤੇ ਦੀ ਪ੍ਰੋੜ੍ਹਤਾ ਕੀਤੀ ਪਰ ਬਾਅਦ 'ਚ ਆਏ ਵਿਰੋਧੀ ਧਿਰ ਦੇ ਆਗੂ ਐਚ.ਐਸ. ਫੂਲਕਾ ਨੇ ਕਿਹਾ ਕਿ ਇਹ ਐਲਾਨ ਅਧੂਰੇ ਹਨ, ਜਦੋਂ ਲਾਗੂ ਹੋ ਗਏ ਉਸ ਮੌਕੇ ਹੀ ਸਮਰਥਨ ਕੀਤਾ ਜਾਵੇਗਾ।

### ਲਿੰਕ ਨਹਿਰ ਨਹੀਂ ਬਣਨ ਦੇਵਾਂਗੇ: ਕੈਪਟਨ

ਚੰਡੀਗੜ੍ਹ: ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਅੱਜ ਆਖਿਆ ਕਿ ਦਰਿਆਵਾਂ ਦਾ ਪਾਣੀ ਹੋਰ ਸੂਬਿਆਂ ਨੂੰ ਦੇਣ ਲਈ ਕੋਈ ਵੀ ਨਵੀਂ ਨਹਿਰ ਕੱਢਣ ਦੀ ਇਜਾਜ਼ਤ ਦੇਣ ਦੀ ਸੂਬੇ ਕੋਲ ਰੱਤੀ ਭਰ ਵੀ ਗੁੰਜਾਇਸ਼ ਨਹੀਂ ਹੈ। ਮੁੱਖ ਮੰਤਰੀ ਨੇ ਵਿਧਾਨ ਸਭਾ ਵਿੱਚ ਐਲਾਨ ਕਰਦਿਆਂ ਸਪੱਸ਼ਟ ਕੀਤਾ ਕਿ ਉਨ੍ਹਾਂ ਦੀ ਸਰਕਾਰ ਵੱਲੋਂ ਪੰਜਾਬ ਦੇ ਪਾਣੀ ਬਚਾਉਣ ਲਈ ਕਦਮ ਚੁੱਕੇ ਗਏ ਹਨ। ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਕੋਲ ਵਾਧੂ ਪਾਣੀ ਨਹੀਂ ਹੈ ਅਤੇ ਦਰਿਆਵਾਂ ਦਾ ਪਾਣੀ ਦੇਣ ਨਾਲ ਦੱਖਣੀ-ਪੱਛਮੀ ਪੰਜਾਬ ਦੀ 10 ਲੱਖ ਏਕੜ ਜ਼ਮੀਨ ਬੰਜਰ ਹੋ ਜਾਵੇਗੀ। ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਕੇਂਦਰ ਸਰਕਾਰ ਨੂੰ ਸੁਪਰੀਮ ਕੋਰਟ ਦੇ ਧਿਆਨ ਵਿੱਚ ਇਹ ਤੱਥ ਲਿਆਉਣ ਲਈ ਅਪੀਲ ਕਰੇਗੀ ਕਿ ਪੰਜਾਬ ਕੋਲ ਵਾਧੂ ਪਾਣੀ ਨਹੀਂ ਹੈ। ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਵੱਲੋਂ ਜਲ ਪ੍ਰਬੰਧਨ ਦੀ ਨੀਤੀ ਘੋਖੀ ਜਾਵੇਗੀ ਅਤੇ ਸੂਬਾ ਪੱਧਰ 'ਤੇ ਜ਼ਮੀਨਦੋਜ਼ ਜਲ ਅਥਾਰਟੀ ਕਾਇਮ ਕਰਕੇ ਨਿਰੰਤਰ ਆਧਾਰ 'ਤੇ ਜ਼ਮੀਨ ਹੇਠਲੇ ਪਾਣੀ ਦਾ ਪ੍ਰਬੰਧ ਤੇ ਨਿਗਰਾਨੀ ਰੱਖੀ ਜਾਵੇਗੀ।

### ਤਿੰਨ ਮਹੀਨਿਆਂ ਵਿੱਚ ਬੇਅਦਬੀ ਦੇ ਸਿਰਫ਼ 13 ਮਾਮਲੇ: ਕੈਪਟਨ

ਚੰਡੀਗੜ੍ਹ (ਟ੍ਰਿਬਿਊਨ ਨਿਊਜ਼ ਸਰਵਿਸ): ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਕਿਸੇ ਧਰਮ ਦਾ ਨਿਰਾਦਰ ਅਤੇ ਬੇਅਦਬੀ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਪਿਛਲੀ ਸਰਕਾਰ ਵੇਲੇ ਬੇਅਦਬੀ ਦੀਆਂ 154 ਘਟਨਾਵਾਂ ਵਾਪਰੀਆਂ ਸਨ, ਜਿਨ੍ਹਾਂ ਵਿੱਚੋਂ 86 ਹੱਲ ਹੋਈਆਂ। ਮੌਜੂਦਾ ਸਰਕਾਰ ਦੇ ਤਿੰਨ ਮਹੀਨਿਆਂ ਦੌਰਾਨ ਸਿਰਫ਼ 13 ਮਾਮਲੇ ਸਾਹਮਣੇ ਆਏ ਹਨ, ਜਿਨ੍ਹਾਂ ਵਿੱਚੋਂ 12 ਦਾ ਹੱਲ ਕਰਦਿਆਂ ਮੁਲਜ਼ਮਾਂ ਖ਼ਿਲਾਫ਼ ਕਾਰਵਾਈ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਪਿਛਲੀ ਸਰਕਾਰ ਦੇ ਰਾਜ ਦੌਰਾਨ ਪੈਦਾ ਹੋਏ ਗਰੋਹ ਖ਼ਤਮ ਕਰਨ ਲਈ ਸਰਕਾਰ ਪੂਰੀ ਤਰ੍ਹਾਂ ਵਚਨਬੱਧ ਹੈ। ਪ੍ਰਸ਼ਾਸਨ ਨੂੰ ਚੁਸਤ-ਦਰੁਸਤ ਕਰਨ ਲਈ ਸਰਕਾਰ ਨੇ ਰਾਜ ਵਿੱਚ 278 ਪੁਲੀਸ ਥਾਣਿਆਂ ਦੀ ਮੁੜ ਹੱਦਬੰਦੀ ਕਰਦਿਆਂ 78 ਪੁਲੀਸ ਸਬ-ਡਿਵੀਜ਼ਨਾਂ ਨੂੰ ਮਾਲ ਸਬ-ਡਿਵੀਜ਼ਨਾਂ ਦੀ ਹੱਦਬੰਦੀ ਨਾਲ ਜੋੜ ਦਿੱਤਾ ਹੈ।

## ਮੋਰ, ਮੋਰਨੀ ਅਤੇ ਜੱਜ ਸਾਹਿਬ

# ਸੰਵਿਧਾਨ ਨੂੰ ਅੰਧ ਵਿਸ਼ਵਾਸ ਦਾ ਗ੍ਰਹਿਣ



ਕੇ. ਸੀ. ਸੁਲੇਖ
0172-4623503

ਭਾਰਤ ਦੇ ਆਜ਼ਾਦੀ ਹਾਸਲ ਕਰਨ ਅਤੇ ਖਾਸ ਤੌਰ ਤੇ ਨਵਾਂ ਸੰਵਿਧਾਨ ਬਣਨ ਉਪਰੰਤ ਉਮੀਦ ਕੀਤੀ ਜਾਂਦੀ ਸੀ ਕਿ ਹੁਣ ਦੇਸ਼ ਆਪਣੀਆਂ ਪੁਰਾਣੀਆਂ ਕਮਜ਼ੋਰੀਆਂ, ਖ਼ਾਮੀਆਂ ਅਤੇ ਤਰੁਟੀਆਂ ਨੂੰ ਦੂਰ ਕਰਕੇ ਛੇਤੀ ਹੀ ਇਕ ਆਦਰਸ਼, ਆਧੁਨਿਕ, ਗਿਆਨਸ਼ੀਲ ਅਤੇ ਬੁੱਧੀਵਾਦੀ ਭਾਰਤ ਬਣ ਜਾਵੇਗਾ, ਜਿਸ ਬਾਰੇ ਸੰਵਿਧਾਨ ਨਿਰਮਾਤਾ ਬਾਬਾ ਸਾਹਿਬ ਅੰਬੇਡਕਰ ਨੇ ਵੀ ਸੰਵਿਧਾਨ ਸਭਾ ਵਿਚ ਦਿੱਤੇ ਆਪਣੇ ਇਤਿਹਾਸਕ ਭਾਸ਼ਣ (25. 11. 49) ਵਿਚ ਵਿਸਥਾਰ ਸਹਿਤ ਚਰਚਾ ਕੀਤੀ ਸੀ। ਜਿਹਨਾਂ ਕਮਜ਼ੋਰੀਆਂ ਅਤੇ ਰੁਕਾਵਟਾਂ ਨੂੰ ਦੇਸ਼ ਦੀ ਆਜ਼ਾਦੀ ਅਤੇ ਖੁਸ਼ਹਾਲੀ ਦੇ ਰਾਹ ਵਿਚ ਸਭ ਤੋਂ ਵੱਡਾ ਰੋੜਾ ਗਿਣਿਆ ਗਿਆ, ਉਹਨਾਂ ਵਿਚ ਪ੍ਰਮੁੱਖ ਰੂਪ ਵਿਚ ਹਿੰਦੂ ਜਾਤੀ ਦੀ ਜਾਤਪਾਤੀ ਮਾਨਸਿਕਤਾ ਅਤੇ ਉਸ ਨਾਲ ਜੁੜੀਆਂ ਕੁਰੀਤੀਆਂ ਅਤੇ ਅੰਧ ਵਿਸ਼ਵਾਸੀ ਮਾਨਤਾਵਾਂ ਹੀ ਸਨ, ਜਿਹਨਾਂ ਨੇ ਦੇਸ਼ ਦੇ ਕਰੀਬ ਕਰੀਬ ਹਰ ਤਬਕੇ ਨੂੰ ਘੁੱਟ ਕੇ ਜਕੜੀ ਰੱਖਿਆ।

ਉਮੀਦ ਸੀ ਕਿ ਜੇ ਹਿੰਦੂ ਜਾਤੀ ਦਾ ਕੱਟੜਵਾਦੀ ਪੁਰੋਹਿਤ ਪੁਜਾਰੀ ਵਰਗ ਆਪਣੀ ਮਾਨਸਿਕਤਾ ਅਤੇ ਤੌਰ-ਤਰੀਕੇ ਬਦਲਣਾ ਨਹੀਂ ਚਾਹੁੰਦਾ ਸੀ ਅਤੇ ਆਪਣੇ ਪੁਰਾਣੇ ਘੁਰਨਿਆਂ ਵਿਚ ਹੀ ਬੰਦ ਰਹਿਣਾ ਪਸੰਦ ਕਰਦਾ ਸੀ ਪਰ ਆਪਣੇ ਆਪ ਨੂੰ ਬੁੱਧੀਜੀਵੀ ਅਤੇ ਪ੍ਰਬੁੱਧ ਅਖਵਾਉਣ ਵਾਲੇ ਲੋਕ ਤਾਂ ਅੱਗੇ ਆ ਕੇ ਦੇਸ਼ ਨੂੰ ਚਿੰਬੜੇ ਹੋਏ ਸਰਾਪ ਨੂੰ ਤੋੜਨ ਵਿਚ ਪਹਿਲ ਕਰ ਸਕਦੇ ਸਨ। ਦੇਸ਼ ਦੇ ਹੋਰ ਅਗਾਂਹਵਧੂ ਸੋਚ ਰੱਖਣ ਵਾਲੇ ਸਮੂਹਾਂ ਵਿਚ ਦੇਸ਼ ਦੀ ਨਿਆਂਪਾਲਿਕਾ (ਜੂਡੀਸ਼ੀਅਰੀ) ਨੂੰ ਸਭ ਤੋਂ ਅੱਗੇ ਰੱਖਿਆ ਜਾ ਸਕਦਾ ਹੈ। ਜੋ ਸਭ ਨਾਗਰਿਕਾਂ ਨੂੰ ਬਿਨਾਂ ਲਿਹਾਜ਼ ਜਾਤ, ਧਰਮ, ਰੰਗ, ਨਸਲ, ਲੰਗ ਬਰਾਬਰ ਇਨਸਾਫ ਦਿੰਦੀ ਹੈ, ਜਿਸ ਕਰਕੇ ਉਸ ਨੂੰ ਇਨਸਾਫ ਦਾ ਮੰਦਰ ਵੀ ਕਿਹਾ ਜਾਂਦਾ ਹੈ। ਇਸ ਇਨਸਾਫ ਦੇ ਮੰਦਰ ਦੀ ਤਾਕਤ ਸੰਵਿਧਾਨ ਹੀ ਹੈ, ਜਿਸ ਦੀ ਜ਼ਿੰਮੇਵਾਰੀ ਸੰਭਾਲਣ ਤੋਂ ਪਹਿਲਾਂ ਜੱਜ ਸਾਹਿਬਾਨ ਨੂੰ ਇਸੇ ਸੰਵਿਧਾਨ ਪ੍ਰਤੀ ਵਫ਼ਾਦਾਰ ਰਹਿਣ ਅਤੇ ਇਸੇ ਦੀਆਂ ਹਦਾਇਤਾਂ ਅਨੁਸਾਰ ਕੰਮ ਕਰਨ ਦੀ ਸਹੁੰ ਚੁੱਕਣੀ ਪੈਂਦੀ ਹੈ। ਇਸੇ ਸੰਵਿਧਾਨ ਦੀ ਇਕ ਮਹੱਤਵਪੂਰਨ ਧਾਰਾ 51 ਏ. ਐਚ. ਦੇ ਤਹਿਤ ਮਾਨਵ ਕਲਿਆਣ ਹਿਤ ਵਿਗਿਆਨਕ ਸੋਚ ਅਤੇ ਜਾਂਚ ਪੜਤਾਲ ਦੀ ਪ੍ਰਵਿਰਤੀ ਪੈਦਾ ਕਰਨ ਦੀ ਖਾਸ ਹਦਾਇਤ ਦਿੱਤੀ ਗਈ ਹੈ। ਹੁਣ ਇਸ ਸਥਾਨ ਤੇ ਬੈਠ ਕੇ ਵੀ ਜੇ ਕੋਈ ਮੁਨਸਿਫ (ਇਨਸਾਫ ਕਰਤਾ) ਆਪਣੇ ਨਿਰਧਾਰਿਤ ਕਾਰਜ ਖੇਤਰ ਦੀਆਂ ਹੱਦਾਂ ਟੱਪ ਕੇ ਆਪਣੀ ਹੀ ਸੋਚ ਜਾਂ ਮਾਨਤਾਵਾਂ ਨੂੰ ਆਧਾਰ ਬਣਾ ਕੇ ਵਿਚਾਰ ਅਧੀਨ ਮੁੱਦਿਆਂ 'ਤੇ ਫੈਸਲੇ ਸੁਣਾਉਣ ਲੱਗ ਪਵੇ ਜਾਂ ਅਟਪਟੀਆਂ ਹਦਾਇਤਾਂ ਦੇਣ ਲੱਗ ਪਵੇ ਜੋ ਨਾ ਵਿਗਿਆਨਕ ਸੋਚ ਜਾਂ ਆਮ ਸਮਝ ਦੀ ਕਸੌਟੀ 'ਤੇ ਪੂਰਾ ਉਤਰਦਾ ਹੋਵੇ ਉਹ ਅਪਵਾਦ ਤਾਂ ਹੋ ਸਕਦਾ ਹੈ ਪਰ ਪੈਰਵੀ ਕਰਨ ਯੋਗ ਉਦਾਹਰਣ ਨਹੀਂ। ਰਾਜਸਥਾਨ ਹਾਈਕੋਰਟ ਦੇ ਰਿਟਾਇਰ ਹੋ ਰਹੇ (ਹੋ ਗਏ) ਜੱਜ ਮਹੇਸ਼ ਚੰਦਰ ਸ਼ਰਮਾ ਦੇ ਗਊ ਅਤੇ ਮੋਰ ਬਾਰੇ ਦਿੱਤੇ ਫੈਸਲੇ ਅਤੇ ਵਿਆਖਿਆ (31.5.17) ਨੂੰ ਵੀ ਕਰੀਬ ਕਰੀਬ ਇਸੇ ਸ਼੍ਰੇਣੀ ਵਿਚ ਰੱਖਿਆ ਜਾ ਸਕਦਾ ਹੈ। ਅਦਾਲਤੀ ਫੈਸਲਿਆਂ ਬਾਰੇ ਕਾਨੂੰਨੀ ਮਰਿਆਦਾਵਾਂ ਦਾ ਖਿਆਲ ਕਰਦੇ ਹੋਏ ਆਮ ਤੌਰ 'ਤੇ ਪਬਲਿਕ ਵਿਚ ਟਿੱਪਣੀ ਨਹੀਂ ਕੀਤੀ ਜਾਂਦੀ ਲੇਕਿਨ ਜਿਹਾ ਕਿ ਦੇਖਣ ਵਿਚ ਆਇਆ ਹੈ, ਮਾਨਯੋਗ ਨਿਆਂ ਮੂਰਤੀ ਦੇ ਉਕਤ ਫੈਸਲੇ ਬਾਰੇ ਅਖ਼ਬਾਰਾਂ ਅਤੇ ਟੀ. ਵੀ. ਚੈਨਲਾਂ ਤੇ ਨਾ ਕੇਵਲ ਟਿੱਪਣੀ ਕੀਤੀ ਗਈ ਹੈ ਬਲਕਿ ਕਈਆਂ ਨੇ ਵਿਰੋਧੀ ਵਿਚਾਰ ਵੀ ਪ੍ਰਗਟ ਕੀਤੇ ਹਨ। 2010 ਤੋਂ ਲਟਕਦੇ ਆ ਰਹੇ ਕੇਸ ਵਿਚ ਜੱਜ ਸਾਹਿਬ ਨੇ ਇਕ ਫੈਸਲਾ ਸੁਣਾਉਂਦਿਆਂ ਰਾਜਸਥਾਨ ਸਰਕਾਰ ਨੂੰ ਆਦੇਸ਼ ਦਿੱਤਾ ਕਿ ਗਾਂ ਨੂੰ ਰਾਸ਼ਟਰੀ ਪਸ਼ੂ ਐਲਾਨਿਆ ਜਾਵੇ। ਇਸ ਨਿਰਦੇਸ਼ ਦੇ ਸਮਰਥਨ ਵਿਚ ਉਹਨਾਂ ਨੇ ਧਰਮ ਸ਼ਾਸਤਰਾਂ ਖਾਸ ਕਰਕੇ ਵੇਦਾਂ ਦੇ ਹਵਾਲੇ ਦਿੱਤੇ, ਜਿਸ ਵਿਚ ਕਿਹਾ ਗਿਆ ਹੈ ਕਿ ਜੇ ਕੋਈ ਗਊ ਨੂੰ ਕਤਲ ਕਰਦਾ ਹੈ ਤਾਂ ਉਸ ਦਾ ਵੀ ਕਤਲ ਕਰ ਦੇਣਾ ਚਾਹੀਦਾ ਹੈ। ਟਿੱਪਣੀ ਕਾਰਾਂ ਨੇ ਬਹੁਮਤ ਨਾਲ ਫੈਸਲੇ ਵਿਚ ਦਿੱਤੀਆਂ ਦਲੀਲਾਂ ਨੂੰ ਸੰਵਿਧਾਨਕ ਕਾਨੂੰਨੀ ਜ਼ਾਬਤੇ ਤੇ ਆਧਾਰਿਤ ਘੱਟ ਅਤੇ ਵਿਅਕਤੀਗਤ ਵਿਸ਼ਵਾਸਾਂ ਤੋਂ ਪ੍ਰੇਰਿਤ ਵੱਧ ਕਰਾਰ ਦਿੱਤਾ ਹੈ। ਮੋਰ ਅਤੇ ਮੋਰਨੀ ਦੇ ਯੌਨ ਸਬੰਧਾਂ ਬਾਰੇ ਦਿੱਤੀ ਵਿਆਖਿਆ ਨੂੰ ਤਾਂ ਕਰੀਬ-ਕਰੀਬ ਸਭ ਨੇ ਅਤੇ ਖਾਸ ਤੌਰ 'ਤੇ ਵਿਸ਼ੇ ਦੇ ਮਾਹਿਰਾਂ ਨੇ ਜੱਜ ਸਾਹਿਬ ਦੇ ਵਿਚਾਰਾਂ ਨੂੰ ਹਾਸੋਹੀਣਾ ਹੀ ਕਹਿ ਦਿੱਤਾ ਹੈ। ਉਹਨਾਂ ਨੇ ਮੀਡੀਆ ਸਾਹਮਣੇ ਬਿਆਨ ਦਿੱਤਾ ਕਿ ਮੋਰ ਨੂੰ ਰਾਸ਼ਟਰੀ ਪੰਛੀ ਇਸ ਲਈ ਚੁਣਿਆ ਗਿਆ ਕਿ ਮੋਰ ਇਕ ਬ੍ਰਹਮਚਾਰੀ ਪੰਛੀ ਹੈ। ਉਹ ਬੱਚੇ ਪੈਦਾ ਕਰਨ ਲਈ ਆਪਸ ਵਿਚ ਸਰੀਰਕ ਸਬੰਧ ਨਹੀਂ ਬਣਾਉਂਦੇ ਸਗੋਂ ਮੋਰਨੀ ਮੋਰ ਦੇ ਡਿੱਗਦੇ ਹੰਝੂ ਗ੍ਰਹਿਣ ਕਰਕੇ ਹੀ ਗਰਭਵਤੀ ਹੋ ਜਾਂਦੀ ਹੈ। ਜ਼ਾਹਿਰ ਹੈ ਕਿ ਪੰਛੀਆਂ ਜਾਂ ਹੋਰ ਜੀਵ ਜੰਤੂਆਂ ਦੀ ਉਤਪਤੀ ਬਾਰੇ ਧਾਰਨਾ ਜਾਂ ਵਿਸ਼ਵਾਸ ਅੰਧ ਵਿਸ਼ਵਾਸ ਤਾਂ ਹੋ ਸਕਦਾ ਹੈ, ਜਿਹਾ ਕਿ ਵਿਸ਼ੇ ਦੇ ਵਿਸ਼ੇਸ਼ ਜਾਣਕਾਰਾਂ ਨੇ ਆਪਣੇ ਪ੍ਰਤੀ ਕਰਮਾਂ ਰਾਹੀਂ ਸਿੱਧ ਵੀ ਕਰ ਦਿੱਤਾ ਹੈ। ਸਰਕਾਰ ਨੇ ਮੋਰ ਨੂੰ ਰਾਸ਼ਟਰੀ ਪੰਛੀ ਚੁਣਨ ਲਈ ਕਿਹੜੇ ਮਾਪਦੰਡ ਅਖਤਿਆਰ ਕੀਤੇ, ਇਸ ਬਾਰੇ ਜੱਜ ਸਾਹਿਬ ਨੇ ਜ਼ਿਕਰ ਨਹੀਂ ਕੀਤਾ। ਸ਼ਾਇਦ ਇਸ ਬਾਰੇ ਉਹਨਾਂ ਨੂੰ ਗਿਆਨ ਹੀ ਨਾ ਹੋਵੇ।

ਮੋਰ ਨੂੰ ਬ੍ਰਹਮਚਾਰੀ ਦੱਸਣ ਦਾ ਕਾਰਨ ਸ਼ਾਇਦ ਇਹ ਹੈ ਕਿ ਉਸ ਦੇ ਖੰਭ 'ਭਗਵਾਨ' ਕ੍ਰਿਸ਼ਨ ਦੇ ਮੁਕਟ ਵਿਚ ਸ਼ੋਭਾਮਾਨ ਹਨ। ਇਸ ਦਲੀਲ ਤੇ ਵੀ ਇਕ ਬਹੁਤ ਵੱਡਾ ਕਿੰਤੂ ਲੱਗ ਸਕਦਾ ਹੈ। ਬ੍ਰਹਮਚਾਰੀ ਹੋਣ ਦਾ ਮਾਪਦੰਡ ਪ੍ਰਸਤਾਵਿਤ ਰਾਸ਼ਟਰੀ ਪਸ਼ੂ ਗਾਂ ਤੇ ਕਿਉਂ ਨਹੀਂ ਲਾਗੂ ਕੀਤਾ ਜਾਂਦਾ? ਬਹੁਤੀ ਡੂੰਘੀ ਦਲੀਲਬਾਜ਼ੀ ਵਿਚ ਨਾ ਪੈਂਦੇ ਹੁੰਦੇ ਹੋਏ ਜੱਜ ਸਾਹਿਬ ਨੇ ਆਪਣੇ ਵਿਚਾਰਾਂ ਦੇ ਪਿਛੋਕੜ ਦਾ ਖੁਲਾਸਾ ਖੁਦ ਹੀ ਕਰ ਦਿੱਤਾ ਕਿ ਉਹ ਜਮਾਂਦਰੂ ਸ਼ਿਵ ਭਗਤ ਹਨ ਅਤੇ ਇਹ ਉਹਨਾਂ ਦੀ ਆਤਮਾ ਦੀ ਆਵਾਜ਼ ਹੈ।

ਜਿਸ ਲੋਰ ਵਿਚ ਜੱਜ ਸਾਹਿਬ ਨੇ ਮੋਰ ਨੂੰ ਪਵਿੱਤਰ ਪੰਛੀ ਵਜੋਂ ਦੁਆਪਰ ਦੇ ਸ੍ਰੀ ਕ੍ਰਿਸ਼ਨ ਨਾਲ ਜੋੜਿਆ ਹੈ, ਖੋਜੀ ਪੱਤਰਕਾਰ ਜੈ ਮਜ਼ੁਮਦਾਰ ਉਸ ਨੂੰ ਕਾਮਗ੍ਰਸਤ ਪੰਛੀ ਦੱਸਦੇ ਹੋਏ ਰਾਮ ਦੇ ਤ੍ਰੇਤਾ ਅਤੇ ਫਿਰ ਮਹਾਂਭਾਰਤ ਦੇ ਦੁਆਪਰ ਯੁੱਗ ਵਿਚ ਲੈ ਗਏ ਹਨ। ਆਪਣੇ 'ਇੰਡੀਅਨ ਐਕਸਪ੍ਰੈਸ' (2. 6. 13) ਵਿਚ ਛਪੇ ਲੇਖ ਵਿਚ ਉਸ ਨੇ ਲਿਖਿਆ: ਰਾਮਾਇਣ ਦੇ ਇਕ ਕਾਂਡ ਅਨੁਸਾਰ ਰਾਮ ਨੇ ਇੰਦਰ ਨੂੰ ਅਹੱਲਿਆ ਨਾਲ ਵਿਭਚਾਰ ਕਰਦੇ ਦੇਖ ਕੇ ਸਰਾਪ ਦੀ ਸ਼ਕਤੀ ਨਾਲ 'ਕਾਮੀ' ਪੰਛੀ ਮੋਰ ਬਣਾ ਦਿੱਤਾ ਜਿਸ ਦੇ ਸਰੀਰ ਵਿਚ ਹਜ਼ਾਰ ਯੋਨੀਆਂ ਅਤੇ ਪੂਛ ਵਿਚ ਹਜ਼ਾਰ ਅੱਖਾਂ ਲਗਾ ਦਿੱਤੀਆਂ- ਮਹਾਂਭਾਰਤ ਦੀ ਇਕ ਕਥਾ ਅਨੁਸਾਰ ਜਦੋਂ ਅੰਬਾ ਨੇ ਭੀਸ਼ਮ ਦੁਆਰਾ ਅਗਵਾ ਕੀਤੇ ਜਾਣ ਉਪਰੰਤ ਸ਼ਾਦੀ ਕਰਨ ਤੋਂ ਨਾਂਹ ਕਰ ਦਿੱਤੀ ਅਤੇ ਇਹ ਅਪਮਾਨ ਨਾ ਸਹਿੰਦੇ ਹੋਏ ਗੁੱਸੇ ਵਿਚ ਆ ਕੇ ਅਗਨ ਦਾਹ ਕਰ ਲਿਆ ਅਤੇ ਸ਼ਿਖੰਡਨੀ ਦੇ ਰੂਪ ਵਿਚ ਨਵਾਂ ਜਨਮ ਲੈ ਲਿਆ ਅਤੇ ਅੱਗੇ ਜਾ ਕੇ 18 ਦਿਨਾਂ ਦੇ ਮਹਾਂਭਾਰਤ ਯੁੱਧ ਵਿਚ ਸ਼ਿਖੰਡੀ ਬਣ ਕੇ ਭੀਸ਼ਮ ਦੀ ਮੌਤ ਦਾ ਕਾਰਨ ਬਣਿਆ। ਸ਼ਿਖੰਡੀ ਦਾ ਸ਼ਾਬਦਿਕ ਅਰਥ ਹੀ ਮੋਰ ਹੈ''। ਲੇਖਕ ਦੇ ਲੇਖ ਲਿਖਣ ਦਾ ਭਾਵ ਮੋਰ ਬਾਰੇ ਧਾਰੀਆਂ ਗਲਤ ਫਹਿਮੀਆਂ ਦੂਰ ਕਰਕੇ ਇਹੀ ਸਾਬਤ ਕਰਨਾ ਹੈ ਕਿ ਮੋਰ ਨਾ ਹੀ ਕੋਈ ਈਸ਼ਵਰੀ (ਦਿੱਵ) ਪੰਛੀ ਹੈ ਅਤੇ ਨਾ ਕਾਮ ਵਾਸਨਾ ਰਹਿਤ ਬ੍ਰਹਮਚਾਰੀ ਪੰਛੀ ਹੈ। (ਹੋਰ ਜਾਣਕਾਰੀ ਲਈ ਲੇਖ ਨਿਸ਼ਚੇ ਹੀ ਪੜ੍ਹਨਯੋਗ ਹੈ।)

ਇੰਡੀਅਨ ਐਕਸਪ੍ਰੈਸ ਨੇ ਆਪਣੇ ਸੰਪਾਦਕੀ (2. 6.17) ਦੇ ਇਕ ਹੀ ਵਾਕ ਵਿਚ ਜੱਜ ਮਹੇਸ਼ ਚੰਦਰ ਸ਼ਰਮਾ ਦੇ ਗਊ ਤੇ ਮੋਰ ਸਬੰਧੀ ਦਿੱਤੇ ਫੈਸਲੇ ਅਤੇ ਵਿਆਖਿਆ ਦਾ ਨਿਚੋੜ ਕੱਢ ਦਿੱਤਾ ਹੈ ਕਿ ਉਹਨਾਂ ਨੇ ਇਹ ਫੈਸਲਾ ਦੇ ਕੇ ਸੋਸ਼ਲ ਮੀਡੀਆ ਤੇ ਕੰਮ ਕਰਨ ਵਾਲੇ ਮਸਖ਼ਰਿਆਂ ਦੇ ਚਬਾਉਣ ਅਤੇ ਖਾਣ ਲਈ ਕਾਫ਼ੀ ਵਾਧੂ ਮਸਾਲਾ ਛੱਡ ਦਿੱਤਾ ਹੈ। ਇਸ ਲੇਖ ਵਿਚ ਇਸ ਗੱਲ 'ਤੇ ਖਾਸ ਤੌਰ 'ਤੇ ਜ਼ੋਰ ਦਿੱਤਾ ਗਿਆ ਹੈ ਕਿ ਨਿਆਂਪਾਲਿਕਾ ਨੂੰ ਫੈਸਲੇ ਦਿੰਦੇ ਸਮੇਂ ਸੰਵਿਧਾਨਕ ਕਦਰਾਂ-ਕੀਮਤਾਂ ਨੂੰ ਹੀ ਸਨਮੁਖ ਰੱਖਣਾ ਚਾਹੀਦਾ ਹੈ, ਆਪਣੇ ਵਿਅਕਤੀਗਤ ਵਿਚਾਰਾਂ ਨੂੰ ਨਹੀਂ। ਇਸ ਤਰ੍ਹਾਂ ਜੱਜ ਸ਼ਰਮਾ ਜੀ ਨੇ ਜਾਂਦੇ ਜਾਂਦੇ ਨਿਆਂਪਾਲਿਕਾ ਦੀ ਸਾਖ ਅਤੇ ਪ੍ਰਤਿਸ਼ਠਾ ਨੂੰ ਬਹੁਤ ਬੜੀ ਸੱਟ ਮਾਰੀ ਹੈ।' ਟ੍ਰਿਬਿਊਨ (2. 6. 17)। ਜੱਜ ਸਾਹਿਬ ਦੇ ਫੈਸਲੇ ਤੇ ਸੰਪਾਦਕੀ ਵਿਚ ਟਿੱਪਣੀ ਕਰਦੇ ਹੋਏ ਇਸ ਤੋਂ ਵੀ ਅੱਗੇ ਨਿਕਲ ਗਿਆ ਹੈ।

ਉਹ ਲਿਖਦਾ ਹੈ ਕਿ 'ਜੱਜ ਸ਼ਰਮਾ ਦੇ ਸਵੇਰੇ ਦਿੱਤੇ ਫੈਸਲੇ ਨੂੰ ਸ਼ਾਮ ਨੂੰ ਪ੍ਰੈਸ ਸਾਹਮਣੇ ਦਿੱਤੀ ਵਿਆਖਿਆ ਨੇ ਪੂਰੇ ਦੇ ਪੂਰੇ ਮਾਹੌਲ ਨੂੰ ਹਾਸੇ ਮਜ਼ਾਕ, ਭੈਅ ਅਤੇ ਨਿਰਾਸ਼ਤਾ ਵਿਚ ਬਦਲ ਦਿੱਤਾ ਹੈ। ਉਹਨਾਂ ਦੀ ਗਾਂ ਅਤੇ ਮੋਰ ਦੀ ਪਵਿੱਤਰਤਾ ਦੇ ਪੱਖ ਵਿਚ ਦਿੱਤੀ ਵਿਆਖਿਆ ਵਿਚ ਕੇਵਲ ਧਰਮ ਗ੍ਰੰਥਾਂ ਦੀ ਮਹਿਮਾ ਹੀ ਮਿਲਦੀ ਹੈ ਨਾ ਕਿ ਕਿਸੇ ਕਾਨੂੰਨ ਜਾਂ ਵਿਗਿਆਨ ਦੀ ਛਾਪ ਜਾਂ ਝਲਕ। ਇਸ ਤਰ੍ਹਾਂ ਜੱਜ ਸਾਹਿਬਾਨ ਦੀ ਅਜਿਹੀ ਪ੍ਰਵਿਰਤੀ ਕਾਫ਼ੀ ਚਿੰਤਾਜਨਕ ਹੈ। ਸੇਵਾ ਮੁਕਤੀ ਤੋਂ ਬਾਅਦ ਉਹਨਾਂ ਤੋਂ ਸਪਸ਼ਟੀਕਰਨ ਜਾਂ ਜਵਾਬਦੇਹੀ ਲੈਣ ਦੀ ਗੁੰਜਾਇਸ਼ ਹੀ ਖਤਮ ਹੋ ਜਾਂਦੀ ਹੈ। ਨਤੀਜੇ ਵਜੋਂ ਸਵਾਲੀ ਹਨੇਰੇ ਵਿਚ ਹੱਥ-ਪੈਰ ਮਾਰਨ ਜੋਗਾ ਹੀ ਰਹਿ ਜਾਂਦਾ ਹੈ। ਇਸ ਤੋਂ ਵੀ ਵਧੇਰੇ ਬੇਚੈਨ ਕਰਨ ਵਾਲੀ ਗੱਲ ਇਹ ਹੈ ਕਿ ਇਸ ਪ੍ਰਕਾਰ ਦੇ ਫੈਸਲਿਆਂ ਵਿਚ ਨਾ ਕੇਵਲ ਵਿਚਾਰ ਅਧੀਨ ਝਗੜਿਆਂ ਵਿਚ ਪੂਰਾ ਇਨਸਾਫ ਨਹੀਂ ਕੀਤਾ ਜਾਂਦਾ ਸਗੋਂ ਇਸ ਨਾਲ ਰਿਟਾਇਰ ਹੋ ਰਹੇ ਜੱਜ ਦੀ ਪ੍ਰਵਿਰਤੀਆਂ 'ਤੇ ਵੀ ਸ਼ੰਕੇ ਖੜ੍ਹੇ ਹੋ ਜਾਂਦੇ ਹਨ ਕਿ ਉਸ ਦੇ ਮਨ ਵਿਚ ਕਿਤੇ ਹੁਕਮਰਾਨ ਪਾਰਟੀ ਦੀ ਖੁਸ਼ਨੂਦੀ ਹਾਸਲ ਕਰਕੇ ਕੋਈ ਲਾਭ ਲੈਣਾ ਤਾਂ ਨਹੀਂ ਹੈ? ਆਮ ਤੌਰ 'ਤੇ ਦੇਖਿਆ ਗਿਆ ਹੈ ਕਿ ਸਰਵਿਸ ਕਰ ਰਹੇ ਨੌਕਰਸ਼ਾਹ ਨੌਕਰੀ ਦੇ ਆਖਰੀ ਦਿਨਾਂ ਵਿਚ ਆਪਣਾ ਭਵਿੱਖ ਅੱਛਾ ਬਣਾਉਣ ਦੀ ਲਾਲਸਾ ਵਿਚ ਖੁਦ ਧਰਮ ਦੀ ਰਾਜਨੀਤੀ ਕਰਨ ਲੱਗ ਪੈਂਦੇ ਹਨ। ਲੇਕਿਨ ਨਿਆਂਪਾਲਿਕਾ ਦੀ ਤਰਫੋਂ ਹਾਲੇ ਤੱਕ ਅਜਿਹੇ ਸੰਕੇਤ ਨਹੀਂ ਦੇਖੇ ਗਏ। ਇਸ ਤਰ੍ਹਾਂ ਨਿਆਂਪਾਲਿਕਾ ਦਾ ਇਹ ਜ਼ਰੂਰੀ ਫਰਜ਼ ਬਣ ਜਾਂਦਾ ਹੈ ਕਿ ਉਹ ਇਸ ਮਾਮਲੇ ਵਿਚ ਆਪਣਾ ਪੱਖ ਸਾਫ ਕਰੇ ਤਾਂ ਜੋ ਇਹ ਅੱਗੇ ਲਈ ਮਿਸਾਲ ਨਾ ਬਣ ਜਾਵੇ।'' ਟਾਇਮਜ਼ ਆਫ਼ ਇੰਡੀਆ (2.6.17) ਇਸੇ ਵਿਸ਼ੇ 'ਤੇ ਆਪਣੇ ਵਿਅੰਗਾਤਮਕ ਸੰਪਾਦਕੀ ਵਿਚ ਲਿਖਦਾ ਹੈ ਕਿ 'ਰਾਜਸਥਾਨ ਹਾਈ ਕੋਰਟ ਦੇ ਜੱਜ ਮਹੇਸ਼ ਚੰਦਰ ਸ਼ਰਮਾ ਨੇ ਮੋਰ ਤੇ ਗਾਂ ਦੇ ਆਪਣੇ ਫੈਸਲੇ ਦੁਆਰਾ ਉਹ ਕੁਝ ਕਰ ਦਿੱਤਾ ਹੈ ਜੋ ਉਸ ਦਾ ਕੋਈ ਵੀ ਭਰਾ ਜੱਜ ਨਹੀਂ ਕਰ ਸਕਿਆ। ਉਹਨਾਂ ਨੇ ਆਪਣੇ ਅਸਧਾਰਨ ਗਿਆਨ ਨਾਲ ਮੋਰ ਨੂੰ ਪੰਛੀਆਂ ਦੀ ਸਧਾਰਨ ਡਾਰ ਤੋਂ ਚੁੱਕ ਕੇ ਇਨਸਾਨੀ ਦੁਨੀਆ ਦੇ ਸੋਸ਼ਲ ਮੀਡੀਆ ਦੇ ਸਿਖਰਾਂ ਤੇ ਪਹੁੰਚਾ ਦਿੱਤਾ ਹੈ।

ਉਹਨਾਂ ਨੇ ਮੋਰ ਦੇ ਰਾਸ਼ਟਰੀ ਪੰਛੀ ਵਜੋਂ ਚੁਣੇ ਜਾਣ ਦੇ ਕਾਰਨ ਦਾ ਜੋ ਰਹੱਸ ਉਦਘਾਟਨ ਕੀਤਾ ਕਿ ਉਹ ਬ੍ਰਹਮਚਾਰੀ ਪੰਛੀ ਹੈ, ਉਸ ਲਈ ਉਹਨਾਂ ਨੂੰ ਕਈਆਂ (ਖਾਸ ਕਰ ਐਨ. ਡੀ. ਟੀਵੀ ਦੇ ਦਰਸ਼ਕਾਂ) ਅਨੁਸਾਰ ਨੋਬਲ ਪ੍ਰਾਈਜ਼ ਮਿਲਣਾ ਚਾਹੀਦਾ ਹੈ। ਟਾਇਮਜ਼ ਆਫ਼ ਇੰਡੀਆ (11.6.17) ਵਿਚ ਪ੍ਰਸਿੱਧ ਲੇਖਿਕਾ ਸ਼ੋਭਾ ਡੇਅ ਲਿਖਦੀ ਹੈ 'ਇਹਨੀਂ ਦਿਨੀਂ ਜਦ ਵਿਦਿਆਰਥੀਆਂ ਦੇ ਸਲਾਨਾ ਨਤੀਜਿਆਂ ਦੀਆਂ ਅੱਛੀਆਂ ਖ਼ਬਰਾਂ ਆ ਰਹੀਆਂ ਸਨ, ਰਾਜਸਥਾਨ ਹਾਈਕੋਰਟ ਦੇ ਜੱਜ ਮਹੇਸ਼ ਚੰਦਰ ਸ਼ਰਮਾ ਨੇ ਮੋਰ ਬਾਰੇ ਆਪਣੀ ਰਾਏ ਸੁਣਾ ਕੇ ਖਲਬਲੀ ਮਚਾ ਦਿੱਤੀ ਹੈ। ਜਿਸ ਗੱਲ ਨੂੰ ਸੁਣ ਕੇ ਸਭ ਦੇ ਮਨ ਨੂੰ ਧੱਕਾ ਲੱਗਿਆ। ਉਹ ਸੀ ਪੰਛੀਆਂ ਦੇ ਬੱਚੇ ਪੈਦਾ ਕਰਨ ਬਾਰੇ ਕਿਰਿਆ ਦੀ ਪੂਰਨ ਅਗਿਆਨਤਾ।

ਰੱਬ ਜਾਣੇ ਉਹ ਇਸ ਬਿਨਾ ਸਮਝ ਬੋਲੇ ਗਏ ਬੋਲ ਨੂੰ ਕਿਸ ਤਰ੍ਹਾਂ ਸੁਲਝਾਅ ਸਕਣਗੇ! ਜੇ ਕੋਈ ਉਹਨਾਂ ਜਿਹੇ ਉੱਚੇ ਰੁਤਬੇ 'ਤੇ ਬੈਠ ਕੇ ਪੰਛੀਆਂ ਦੀ ਸੰਤਾਨ ਉਤਪਤੀ ਅਤੇ ਗਾਂ ਦੇ ਚਮਤਕਾਰੀ ਗੁਣਾਂ ਦਾ ਆਮ ਲੋਕਾਂ ਵਿਚ ਵਿਆਖਿਆਨ ਦੇਣਾ ਸ਼ੁਰੂ ਕਰ ਦੇਵੇ ਤਾਂ ਆਦਮੀ ਨੂੰ ਇਹ ਸੋਚ ਕੇ ਕੰਬਣੀ ਲੱਗ ਜਾਵੇਗੀ ਕਿ ਜਿਹੜੇ ਆਦਮੀ ਵਿਅਕਤੀ ਨੇ ਜੱਜ ਰਹਿੰਦਿਆਂ ਕੇਸਾਂ ਦੇ ਫੈਸਲੇ ਕੀਤੇ ਹਨ, ਉਹਨਾਂ ਵਿਚ ਉਹਨਾਂ ਦੀ ਕਿੰਨੀ ਕੁ ਬੁੱਧੀਮਾਨਤਾ ਜਾਂ ਵਿਹਾਰਿਕ ਗਿਆਨ ਹੋ ਸਕਦਾ ਹੈ!

ਜਿਹਾ ਕਿ ਅਖ਼ਬਾਰਾਂ ਅਤੇ ਟੀ. ਵੀ. ਮੀਡੀਆ ਦੀਆਂ ਟਿੱਪਣੀਆਂ ਅਤੇ ਰਿਪੋਰਟਾਂ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਜੱਜ ਸ਼ਰਮਾ ਦੀ ਜੋ ਸੋਚ ਅਤੇ ਗਿਆਨ ਗਾਂ ਅਤੇ ਮੋਰ ਬਾਰੇ ਹੈ, ਉਹ ਨਾ ਜੀਵ ਵਿਗਿਆਨ (ਜਿਓਲਾਜੀ- ਬਾਇਓਲਾਜੀ) ਦੇ ਮਾਪਦੰਡਾਂ 'ਤੇ ਪੂਰਾ ਉਤਰਦਾ ਹੈ ਅਤੇ ਨਾ ਹੀ ਕਿਸੇ ਭਰੋਸੇਯੋਗ ਇਤਿਹਾਸਕ ਸਰੋਤਾਂ/ਸਬੂਤਾਂ ਨਾਲ ਮੇਲ ਖਾਂਦਾ ਹੈ। ਉਹਨਾਂ ਦੇ ਪ੍ਰਗਟਾਏ ਵਿਚਾਰਾਂ ਤੋਂ ਜੇ ਕੁਝ ਨਿਕਲਦਾ ਹੈ ਤਾਂ ਉਹ ਸਿਵਾਏ ਅੰਧ-ਵਿਸ਼ਵਾਸ ਅਤੇ ਅਸਪਸ਼ਟ ਸੋਚ ਅਤੇ ਗ੍ਰਸਤ ਮਾਨਸਿਕਤਾ ਤੋਂ ਹੋਰ ਕੁਝ ਵੀ ਨਹੀਂ ਹੈ ਜੋ ਉਹ ਦੂਜਿਆਂ ਤੇ ਵੀ ਥੋਪਣਾ ਚਾਹੁੰਦੇ ਹਨ ਅਤੇ ਜੋ ਹਰਗਿਜ਼ ਨਿਆਂ ਸੰਗਤ ਨਹੀਂ ਹੈ।

ਜਿੱਥੋਂ ਤੱਕ ਗਾਂ ਨੂੰ ਰਾਸ਼ਟਰੀ ਪਸ਼ੂ ਐਲਾਨੇ ਜਾਣ ਦਾ ਸਵਾਲ ਹੈ, ਉਹ ਤਾਂ ਸਧਾਰਨ ਸਲਾਹ-ਮਸ਼ਵਰੇ, ਗੱਲਬਾਤ ਦੀਆਂ ਲੋਕਤੰਤਰੀ ਹੱਦਾਂ ਟੱਪ ਕੇ ਪਹਿਲਾਂ ਹੀ ਜਨੂੰਨ ਭਰਿਆ ਵਿਸਫੋਟਕ ਮੁੱਦਾ ਬਣ ਚੁੱਕਿਆ ਹੈ, ਜਿਸ ਦੇ ਸਾਹਮਣੇ ਇਨਸਾਨੀ ਜਾਨਾਂ ਦੀ ਕੋਈ ਕੀਮਤ ਨਹੀਂ ਰਹਿ ਗਈ। ਹਿੰਦੂ ਭਾਵਨਾਵਾਂ ਨੂੰ ਭੜਕਾਅ ਕੇ ਅਤੇ ਉਹਨਾਂ ਨੂੰ ਰਾਜਨੀਤਿਕ ਏਜੰਡੇ ਹਿੰਦੂ ਰਾਜ ਲਈ ਵਰਤਣਾ ਭਾਜਪਾ ਦੇ ਹੱਥ ਵਿਚ ਆਇਆ ਰਾਮਮੰਦਰ ਦੇ ਨਾਲ-ਨਾਲ ਸਭ ਤੋਂ ਵੱਧ ਸ਼ਕਤੀਸ਼ਾਲੀ ਹਥਿਆਰ ਬਣ ਗਿਆ ਹੈ।

ਗਾਂ ਰਾਸ਼ਟਰੀ ਪਸ਼ੂ ਬਣਦਾ ਹੈ ਜਾਂ ਨਹੀਂ ਪਰ ਸਵਾਲ ਤਾਂ ਇਹ ਹੈ ਕਿ ਕੀ ਗਲੀਆਂ, ਸੜਕਾਂ ਤੇ ਗੰਦ ਖਾਂਦੀਆਂ ਗਾਈਆਂ ਨੂੰ ਕਾਗ਼ਜ਼ਾਂ ਵਿਚ ਰਾਸ਼ਟਰੀ ਸਨਮਾਨ ਦੇਣ ਨਾਲ ਬਾਕੀ ਦੀਆ ਦੇਸ਼ ਵਿਆਪੀ ਸਿਹਤ, ਅਨਪੜ੍ਹਤਾ, ਗਰੀਬੀ, ਬੇਰੁਜ਼ਗਾਰੀ, ਮਹਿੰਗਾਈ, ਭੁੱਖਮਰੀ, ਕੁਪੋਸ਼ਣ, ਘਰ, ਮਕਾਨ ਦੀਆਂ ਸਮੱਸਿਆਵਾਂ ਦਾ ਹੱਲ ਹੋ ਸਕੇਗਾ? ਜਿੱਥੋਂ ਤੱਕ ਮੋਰ ਜਾਂ ਮੋਰਨੀ ਦੇ ਪਵਿੱਤਰ ਅਤੇ ਕਾਮ ਵਾਸਨਾ-ਰਹਿਤ ਹੋਣ ਦਾ ਸਵਾਲ ਹੈ, ਇਹ ਜੀਵ ਵਿਗਿਆਨੀਆਂ ਦੇ ਨਵੇਂ ਸਿਰੇ ਤੋਂ ਖੋਜ ਕਰਨ ਲਈ ਨਵਾਂ ਮੌਕਾ ਮਿਲ ਗਿਆ ਹੈ ਕਿ ਇਸ 'ਤੇ ਹੋਰ ਡੂੰਘੀ ਰਿਸਰਚ ਕਰਕੇ ਇਸ ਵਿਸ਼ੇ 'ਤੇ ਪਏ ਜਾਂ ਪਾਏ ਗਏ ਧੁੰਦਲੇਪਣ ਨੂੰ ਸਾਫ ਕਰਕੇ ਵੱਧ ਰਹੇ ਅੰਧ-ਵਿਸ਼ਵਾਸ ਦੀ ਬਿਮਾਰੀ ਨੂੰ ਰੋਕਿਆ ਜਾ ਸਕੇ।

# ਮਨਪ੍ਰੀਤ ਬਾਦਲ ਵੱਲੋਂ ਸਾਰੇ ਪੱਖਾਂ ਨੂੰ ਰਾਹਤਾਂ ਦੇਣ ਵਾਲਾ ਪਲੇਠਾ ਬਜਟ ਪੇਸ਼ ਕੀਤਾ

**(ਸਫਾ 1 ਦੀ ਬਾਕੀ)**

ਉਪਬੰਧ ਕੀਤਾ ਗਿਆ ਹੈ। ਖੇਤੀ ਖੇਤਰ ਲਈ ਬਜਟ ਵਿੱਚ 65.77 ਫੀਸਦੀ ਦਾ ਵਾਧਾ ਕਰਦਿਆਂ ਬਜਟ ਵਿੱਚ 6383.01 ਕਰੋੜ ਰੁਪਏ ਰੱਖੇ ਗਏ ਹਨ। ਕੁਦਰਤੀ ਆਫ਼ਤਾਂ ਕਾਰਨ ਫਸਲਾਂ ਦੇ ਖ਼ਰਾਬੇ ਦਾ ਮੁਆਵਜ਼ਾ 8 ਹਜ਼ਾਰ ਰੁਪਏ ਪ੍ਰਤੀ ਏਕੜ ਤੋਂ ਵਧਾ ਕੇ 12 ਹਜ਼ਾਰ ਰੁਪਏ ਕੀਤਾ ਗਿਆ ਹੈ। ਬੁਢਾਪਾ, ਵਿਧਵਾ ਤੇ ਅੰਗਹੀਣਾਂ ਦੀ ਪੈਨਸ਼ਨ 500 ਰੁਪਏ ਮਾਸਕ ਤੋਂ ਵਧਾ ਕੇ 750 ਰੁਪਏ ਤੇ ਸ਼ਗਨ ਸਕੀਮ ਤਹਿਤ ਦਿੱਤੀ ਜਾਂਦੀ ਰਕਮ ਵੀ 15 ਹਜ਼ਾਰ ਰੁਪਏ ਤੋਂ ਵਧਾ ਕੇ 21 ਹਜ਼ਾਰ ਕਰ ਦਿੱਤੀ ਹੈ। ਤੇਜ਼ਾਬ ਪੀੜਤ ਔਰਤਾਂ ਨੂੰ ਅੱਠ ਹਜ਼ਾਰ ਰੁਪਏ ਮਾਸਕ ਵਿੱਤੀ ਮਦਦ ਦਿੱਤੀ ਜਾਵੇਗੀ। ਸੁਤੰਤਰਤਾ ਸੈਨਾਨੀਆਂ ਨੂੰ 300 ਰੁਪਏ ਦੀ ਬਿਜਲੀ ਮੁਫ਼ਤ ਦੇਣ ਤੋਂ ਇਲਾਵਾ ਆਟਾ-ਦਾਲ ਸਕੀਮ ਵਿੱਚ ਹੁਣ ਖੰਡ ਤੇ ਚਾਹ ਪੱਤੀ ਦੇਣ ਦਾ ਐਲਾਨ ਕਰਦਿਆਂ ਇਸ ਲਈ 500 ਕਰੋੜ ਰੁਪਏ ਰੱਖਣ ਦਾ ਐਲਾਨ ਕੀਤਾ ਗਿਆ ਹੈ। ਪੇਂਡੂ ਚੌਕੀਦਾਰਾਂ ਦਾ ਮਾਣ ਭੱਤਾ 1250 ਰੁਪਏ ਮਾਸਕ ਕਰ ਦਿੱਤਾ ਗਿਆ ਹੈ।

ਪਰਵਾਸੀ ਭਾਰਤੀਆਂ (ਐਨਆਰਆਈਜ਼) ਦੀਆਂ ਸ਼ਿਕਾਇਤਾਂ ਦੇ ਨਿਬੇੜੇ ਲਈ ਲੋਕ ਪਾਲ ਕਾਇਮ ਕਰਨ ਲਈ ਨਵਾਂ ਕਾਨੂੰਨ ਲਿਆਉਣ ਦਾ ਐਲਾਨ ਵੀ ਵਿੱਤ ਮੰਤਰੀ ਵੱਲੋਂ ਬਜਟ 'ਚ ਕੀਤਾ ਗਿਆ ਹੈ। ਜ਼ਿਲ੍ਹਾ ਸਹਿਕਾਰੀ ਬੈਂਕਾਂ ਨੂੰ ਪੰਜਾਬ ਰਾਜ ਸਹਿਕਾਰੀ ਬੈਂਕ ਵਿੱਚ ਸ਼ਾਮਲ ਕਰਨ ਦਾ ਐਲਾਨ ਵੀ ਕੀਤਾ ਗਿਆ ਹੈ। ਫਸਲੀ ਬੀਮੇ ਲਈ ਪੰਜਾਬ ਖੇਤੀਬਾੜੀ ਬੀਮਾ ਨਿਗਮ ਕਾਇਮ ਕਰਨ ਦਾ ਐਲਾਨ ਵੀ ਕੀਤਾ ਗਿਆ ਹੈ। ਕਾਂਗਰਸ ਦੇ ਚੋਣ ਵਾਅਦੇ ਮੁਤਾਬਕ ਨੌਜਵਾਨਾਂ ਨੂੰ ਸਮਾਰਟ ਫੋਨ ਦੇਣ ਲਈ 10 ਕਰੋੜ ਰੁਪਏ ਦੀ ਵਿਵਸਥਾ ਕੀਤਾ ਗਈ ਹੈ। ਰੁਜ਼ਗਾਰ ਸਿਰਜਣ ਤੇ ਸਿਖਲਾਈ ਪ੍ਰੋਗਰਾਮ ਲਈ 91 ਕਰੋੜ ਰੁਪਏ ਰੱਖੇ ਹਨ ਤੇ 5 ਸਾਲਾਂ ਵਿੱਚ 3 ਲੱਖ ਨੌਕਰੀਆਂ ਦੇਣ ਦਾ ਵਾਅਦਾ ਕੀਤਾ ਗਿਆ ਹੈ। ਸ਼ਹਿਰੀ ਖੇਤਰਾਂ ਵਿੱਚ ਜ਼ਮੀਨਾਂ ਦੀ ਖ਼ਰੀਦ 'ਤੇ ਲੱਗਣ ਵਾਲੀ ਅਸ਼ਟਾਮ ਫ਼ੀਸ 9 ਫੀਸਦੀ ਤੋਂ ਘਟਾ ਕੇ 6 ਫੀਸਦੀ ਅਤੇ ਪਲਾਟਾਂ, ਮਕਾਨਾਂ ਦੀ ਮਲਕੀਅਤ ਤਬਦੀਲ ਕਰਨ ਲਈ ਲੱਗਣ ਵਾਲੀ ਫੀਸ ਢਾਈ ਫੀਸਦੀ ਤੋਂ ਘਟਾ ਕੇ 2 ਫੀਸਦੀ ਕਰਨ ਦਾ ਐਲਾਨ ਕੀਤਾ ਗਿਆ ਹੈ। ਹੁਸ਼ਿਆਰਪੁਰ, ਜਲੰਧਰ, ਅੰਮ੍ਰਿਤਸਰ ਅਤੇ ਲੁਧਿਆਣਾ ਸਮੇਤ ਹੋਰਨਾਂ ਸ਼ਹਿਰਾਂ ਵਿੱਚ ਰਿਹਾਇਸ਼ੀ ਅਰਬਨ ਅਸਟੇਟ ਅਤੇ ਇੰਡਸਟਰੀਅਲ ਅਸਟੇਟ ਵਿਕਸਤ ਕੀਤੇ ਜਾਣਗੇ। ਸ਼ਹਿਰੀ ਵਿਕਾਸ ਲਈ ਦਿੱਤੀ ਜਾਣ ਵਾਲੀ ਰਾਸ਼ੀ ਵਿੱਚ 103.27 ਫੀਸਦੀ ਦਾ ਵਾਧਾ ਕਰਦਿਆਂ 4610.59 ਕਰੋੜ ਰੁਪਏ ਰਾਖਵੇਂ ਰੱਖੇ ਗਏ ਹਨ। ਸਕੂਲਾਂ ਵਿੱਚ ਫਰਨੀਚਰ ਲਈ 21 ਕਰੋੜ ਰੁਪਏ, ਮੁਫ਼ਤ ਪਾਠ ਪੁਸਤਕਾਂ ਤੇ ਵਰਦੀਆਂ ਅਤੇ ਪ੍ਰਾਈਮਰੀ ਸਕੂਲਾਂ ਵਿੱਚ ਗਰੀਨ ਬੋਰਡਾਂ ਲਈ 5.25 ਕਰੋੜ ਰੁਪਏ, ਸਰਬੋਤਮ ਸਕੂਲਾਂ ਦੇ ਸਨਮਾਨ ਲਈ 9.27 ਕਰੋੜ ਰੁਪਏ, ਪ੍ਰਾਈਮਰੀ ਸਕੂਲਾਂ ਵਿੱਚ ਕੰਪਿਊਟਰ ਦੇਣ ਲਈ 10 ਕਰੋੜ ਰੁਪਏ ਰੱਖੇ ਹਨ। ਪੱਛੜੇ ਖੇਤਰਾਂ ਵਿੱਚ 5 ਨਵੇਂ ਡਿਗਰੀ ਕਾਲਜ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨੂੰ ਗਰਾਂਟ 26 ਕਰੋੜ ਰੁਪਏ ਤੋਂ ਵਧਾ ਕੇ 33 ਕਰੋੜ ਰੁਪਏ ਦੇਣ ਦਾ ਐਲਾਨ ਕੀਤਾ ਹੈ।

ਪੰਜਾਬੀ ਭਾਸ਼ਾ ਦੇ ਵਿਕਾਸ ਲਈ ਤਲਵੰਡੀ ਸਾਬੋ ਵਿੱਚ 'ਪੰਜਾਬੀ ਭਾਸ਼ਾ ਤਰੱਕੀ ਤੇ ਪ੍ਰਸਾਰ' ਕੇਂਦਰੀ ਸੰਸਥਾ ਬਣੇਗੀ ਤੇ ਮਲੇਰਕੋਟਲਾ ਉਰਦੂ ਅਕਾਦਮੀ ਲਈ ਤਿੰਨ ਕਰੋੜ ਰੁਪਏ ਅਤੇ ਸਰਕਾਰੀ ਕਾਲਜਾਂ ਦੇ ਬੁਨਿਆਦੀ ਢਾਂਚੇ ਦੇ ਵਿਕਾਸ ਲਈ 10 ਕਰੋੜ ਰੁਪਏ ਰੱਖੇ ਹਨ। ਅੰਮ੍ਰਿਤਸਰ ਵਿਖੇ ਸ਼ਾਮ ਸਿੰਘ ਅਟਾਰੀ ਵਾਲਾ ਦੇ ਨਾਮ 'ਤੇ ਆਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ ਬਣੇਗਾ। ਹੁਨਰ ਵਿਕਾਸ ਯੂਨੀਵਰਸਿਟੀ ਬਣਾਉਣ ਦਾ ਐਲਾਨ ਪਹਿਲਾਂ ਕੀਤਾ ਜਾ ਚੁੱਕਾ ਹੈ। ਟਰੈਕਟਰ ਖੇਤੀਬਾੜੀ ਸੇਵਾਵਾਂ ਵਿੱਚ 25 ਹਜ਼ਾਰ ਨੌਜਵਾਨਾਂ ਨੂੰ ਸਵੈ-ਰੁਜ਼ਗਾਰ ਦੇ ਯੋਗ ਬਣਾਉਣ ਲਈ ਹਰੇਕ ਜ਼ਿਲ੍ਹੇ ਵਿੱਚ ਕਾਰੋਬਾਰ ਤੇ ਰੁਜ਼ਗਾਰ ਬਿਊਰੋ ਸਥਾਪਤ ਕੀਤਾ ਜਾਵੇਗਾ। ਸਿਹਤ ਦੇ ਖੇਤਰ ਲਈ 1358 ਕਰੋੜ ਰੁਪਏ ਰੱਖੇ ਹਨ। ਪੇਂਡੂ ਖੇਤਰਾਂ ਵਿੱਚ 3 ਹਜ਼ਾਰ 'ਹੈਲਥ ਅਤੇ ਵੈੱਲਨੈਸ ਕਲੀਨਿਕ' ਖੋਲ੍ਹੇ ਜਾਣਗੇ। ਇਹ ਯੋਜਨਾ ਕੌਮੀ ਸਿਹਤ ਮਿਸ਼ਨ ਅਧੀਨ ਚਲਾਈ ਜਾਵੇਗੀ। ਮਹਿਲਾ ਉਦਮੀਆਂ ਨੂੰ ਉਤਸ਼ਾਹਤ ਕਰਨ ਲਈ 2 ਕਰੋੜ ਰੁਪਏ ਰੱਖੇ ਹਨ। ਦਿਹਾਤੀ ਵਿਕਾਸ ਲਈ 686.83 ਕਰੋੜ ਰੁਪਏ ਰੱਖੇ ਹਨ, ਜਿਸ ਵਿੱਚ ਮਨਰੇਗਾ ਤਹਿਤ 313.23 ਕਰੋੜ, ਪ੍ਰਧਾਨ ਮੰਤਰੀ ਅਵਾਸ ਯੋਜਨਾ ਸਕੀਮ ਲਈ 208.33 ਕਰੋੜ ਰੁਪਏ, ਸ਼ਿਆਮਾ ਪ੍ਰਸਾਦ ਮੁਖਰਜੀ ਮਿਸ਼ਨ ਲਈ 19.75 ਕਰੋੜ ਰੁਪਏ, ਪਿੰਡਾਂ ਵਿੱਚ ਪਖਾਨਿਆਂ ਲਈ 28.15 ਕਰੋੜ ਰੁਪਏ ਰੱਖਣ ਦਾ ਐਲਾਨ ਕੀਤਾ ਹੈ। ਪਿੰਡਾਂ ਵਿੱਚ ਸਵੱਛ ਭਾਰਤ ਤਹਿਤ ਵੀ 300 ਕਰੋੜ ਰੁਪਏ ਖਰਚਣ ਦਾ ਉਪਬੰਧ ਹੈ। ਝੋਨੇ ਦੀ ਪਰਾਲੀ ਨਾ ਸਾੜਨ ਲਈ ਹੱਲਾਸ਼ੇਰੀ ਦੇਣ ਵਾਲੀਆਂ ਪੰਚਾਇਤਾਂ ਲਈ 20 ਕਰੋੜ ਰੱਖੇ ਹਨ।

ਇਲੈਕਟ੍ਰਾਨਿਕ ਵਾਹਨਾਂ ਨੂੰ ਉਤਸ਼ਾਹਤ ਕਰਨ ਲਈ ਨੀਤੀ ਬਣੇਗੀ। ਸੇਮ ਦੀ ਰੋਕਥਾਮ ਲਈ 128 ਕਰੋੜ ਰੁਪਏ, ਰਾਜਸਥਾਨ ਫੀਡਰ ਦੀ ਰੀਲਾਈਨਿੰਗ ਲਈ 100 ਕਰੋੜ ਰੁਪਏ, ਕੋਟਲਾ ਬਰਾਂਚ ਦੇ ਰਜਵਾਹਿਆਂ ਦੀ ਉਸਾਰੀ ਲਈ 94.73 ਕਰੋੜ, ਬਿਸਤ ਦੁਆਬ ਨਹਿਰ ਲਈ 81.38 ਕਰੋੜ ਰੁਪਏ ਰੱਖੇ ਹਨ। ਸੈਰ ਸਪਾਟਾ ਦੇ ਸੱਭਿਆਚਾਰ ਖੇਤਰ ਲਈ 26 ਕਰੋੜ, ਹੈਰੀਟੇਜ ਫੈਸਟੀਵਲਾਂ ਲਈ 7 ਕਰੋੜ ਅਤੇ ਸੈਰ ਸਪਾਟੇ ਦੀਆਂ ਥਾਵਾਂ ਦੀ ਮਸ਼ਹੂਰੀ ਲਈ ਵੀ 5 ਕਰੋੜ ਰੁਪਏ ਰੱਖੇ ਹਨ।

ਗ੍ਰਹਿ ਤੇ ਨਿਆਂ ਵਿਭਾਗ ਦੀ ਗੱਲ ਕਰਦਿਆਂ ਵਿੱਤ ਮੰਤਰੀ ਨੇ ਦੱਸਿਆ ਕਿ 75 ਕਰੋੜ ਰੁਪਏ ਅਦਾਲਤੀ ਕੰਪਲੈਕਸਾਂ ਦੀ ਉਸਾਰੀ, 15 ਕਰੋੜ ਥਾਣਿਆਂ ਦੀਆਂ ਨਵੀਆਂ ਇਮਰਾਤਾਂ ਲਈ ਤੇ 34.77 ਕਰੋੜ ਰੁਪਏ ਕ੍ਰਾਈਮ ਅਤੇ ਕ੍ਰਿਮਿਨਲ ਟਰੈਕਿੰਗ ਸਿਸਟਮ ਲਾਉਣ 'ਤੇ ਖ਼ਰਚੇ ਜਾਣਗੇ। ਸਰਹੱਦੀ ਖੇਤਰ ਵਿਕਾਸ ਫੰਡ ਲਈ 300 ਕਰੋੜ ਰੁਪਏ, ਲੋਕ ਨਿਰਮਾਣ ਵਿਭਾਗ ਲਈ 873.17 ਕਰੋੜ ਰੁਪਏ ਰੱਖੇ ਹਨ। ਸਰਕਾਰ ਸਿਰ ਕਰਜ਼ੇ ਦੀ ਪੰਡ ਭਾਰੀ: ਪੰਜਾਬ ਸਰਕਾਰ ਸਿਰ ਕਰਜ਼ੇ ਦੀ ਭਾਰੀ ਪੰਡ ਹੋਣ ਕਾਰਨ ਵਿੱਤੀ ਪੱਖ ਤੋਂ ਬੜੀ ਹੀ ਡਰਾਉਣੀ ਤਸਵੀਰ ਸਾਹਮਣੇ ਆ ਰਹੀ ਹੈ।

# ਬਾਲੀਵੁੱਡ ਹਲਚਲ

ਤਰਸੇਮ ਬੱਧਣ
097796-27888



## ਅਨੁਸ਼ਕਾ ਹੁਣ ਬਣੇਗੀ ਪਰੀ, ਖ਼ੁਦ ਕਰੇਗੀ ਫ਼ਿਲਮ ਦਾ ਨਿਰਮਾਣ

ਫ਼ਿਲਮੀ ਅਦਾਕਾਰਾ ਅਨੁਸ਼ਕਾ ਸ਼ਰਮਾ ਫ਼ਿਲਮ 'ਫਿਲੌਰੀ 'ਚ ਇੱਕ ਚੁੜੇਲ ਦਾ ਕਿਰਦਾਰ ਨਿਭਾਉਣ ਤੋਂ ਬਾਅਦ ਹੁਣ ਪਰੀ ਬਣਨ ਜਾ ਰਹੀ ਹੈ। ਉਨ੍ਹਾਂ ਦੀ ਅਗਲੀ ਪ੍ਰੋਡਕਸ਼ਨ




ਫ਼ਿਲਮ ਦੇ ਟਾਈਟਲ ਤੋਂ ਤਾਂ ਇਹੀ ਜਾਪਦਾ ਹੈ। ਬੀਤੇ ਦਿਨੀਂ ਅਨੁਸ਼ਕਾ ਨੇ ਮੁੰਬਈ ਵਿਖੇ ਫ਼ਿਲਮ ਪਰੀ ਦੀ ਸ਼ੂਟਿੰਗ ਕੀਤੀ ਜਿਸ ਦਾ ਨਿਰਮਾਣ ਵੀ ਅਨੁਸ਼ਕਾ ਵੱਲੋਂ ਕੀਤਾ ਜਾ ਰਿਹਾ ਹੈ। ਇਹ ਫ਼ਿਲਮ ਇੱਕ ਲੜਕੀ ਦੇ ਜੀਵਨ 'ਤੇ ਆਧਾਰਿਤ ਹੈ। ਇਸ ਤੋਂ ਪਹਿਲਾ ਅਨੁਸ਼ਕਾ ਐਨ.ਐਚ-10 ਤੇ ਫਿਲੌਰੀ ਦਾ ਵੀ ਨਿਰਮਾਣ ਕਰ ਚੁੱਕੀ ਹੈ। ਫ਼ਿਲਮ ਪਰੀ ਦੀ ਸ਼ੂਟਿੰਗ ਮੁੰਬਈ ਤੋਂ ਬਾਅਦ ਕੋਲਕਾਤਾ ਵਿਚ ਹੋਵੇਗੀ। ਫ਼ਿਲਮ ਵਿਚ ਅਨੁਸ਼ਕਾ ਦੇ ਔਪੋਜ਼ਿਟ ਬੰਗਾਲੀ ਅਦਾਕਾਰ ਪਰਮਬ੍ਰਿਤ ਚੈਟਰਜੀ ਨਜ਼ਰ ਆਉਣਗੇ। ਫ਼ਿਲਮ ਦਾ ਨਿਰਦੇਸ਼ਨ ਡੈਬਿਊ ਪ੍ਰੋਸਿਤ ਰਾਏ ਕਰਨਗੇ।

## ਹਿਮੇਸ਼ ਨੇ ਲਿਆ ਤਲਾਕ, 22 ਸਾਲ ਦਾ ਟੁੱਟਾ ਸਾਥ



ਵਿਆਹ ਦੇ 22 ਸਾਲ ਬਾਅਦ ਫ਼ਿਲਮੀ ਸੰਗੀਤਕਾਰ ਤੇ ਅਦਾਕਾਰ ਹਿਮੇਸ਼ ਰੇਸ਼ਮੀਆ ਨੇ ਆਪਣੀ ਪਤਨੀ ਕੋਮਲ ਤੋਂ ਤਲਾਕ ਲੈ ਲਿਆ ਹੈ। ਬਾਂਦ੍ਰਾ ਦੇ ਕੋਰਟ ਵਿਚ ਦੋਵਾਂ ਦਾ ਤਲਾਕ ਹੋ ਗਿਆ। ਤਲਾਕ ਦਾ ਮੁੱਖ ਕਾਰਨ ਹਿਮੇਸ਼ ਦੀ ਜ਼ਿੰਦਗੀ 'ਚ ਫ਼ਿਲਮੀ ਅਦਾਕਾਰਾ ਸੋਨੀਆ ਕਪੂਰ ਦਾ ਹੋਣਾ ਹੈ। ਹਿਮੇਸ਼ ਦਾ ਕਹਿਣਾ ਹੈ ਕਿ ਕਈ ਵਾਰ ਖ਼ੁਦ ਦੇ ਸਨਮਾਨ ਲਈ ਕੁਝ ਫ਼ੈਸਲੇ ਲੈਣੇ ਪੈਂਦੇ ਹਨ ਤੇ ਉਹ ਅੱਜ ਵੀ ਆਪਣੇ ਤੇ ਕੋਮਲ ਦੇ ਰਿਸ਼ਤੇ ਦੀ ਇੱਜ਼ਤ ਕਰਦੇ ਹਨ। ਓਧਰ ਕੋਮਲ ਮੁਤਾਬਿਕ ਤਲਾਕ ਦੀ ਵਜ੍ਹਾ ਸੋਨੀਆ ਨਹੀਂ ਹੈ ਬਲਕਿ ਸੋਨਮ ਤਾਂ ਉਨ੍ਹਾਂ ਦੇ ਪਰਿਵਾਰ ਦਾ ਹੀ ਹਿੱਸਾ ਹੈ। ਕੋਮਲ ਦਾ ਕਹਿਣਾ ਹੈ ਕਿ ਉਹ ਕਾਫ਼ੀ ਖ਼ੁਸ਼ ਹੈ।

## ਅਕਸ਼ੈ ਕੁਮਾਰ ਦੀ ਫ਼ਿਲਮ ਦੇ ਟਰੇਲਰ ਨੇ ਬਣਾਇਆ ਰਿਕਾਰਡ

ਅਕਸ਼ੈ ਕੁਮਾਰ ਤੇ ਭੂਮੀ ਪਾਡਨੇਕਰ ਦੀ ਆਉਣ ਵਾਲੀ ਫ਼ਿਲਮ 'ਟਾਇਲਟ : ਇੱਕ ਪ੍ਰੇਮ ਕਥਾ' ਨੂੰ ਮਿਲੇ ਭਰਵੇਂ ਹੁੰਗਾਰੇ ਤੋਂ ਫ਼ਿਲਮ ਦੇ ਨਿਰਮਾਤਾ ਖ਼ਾਸੇ ਉਤਸ਼ਾਹਿਤ ਨਜ਼ਰ ਆ



ਰਹੇ ਹਨ। ਘਰ 'ਚ ਪਖਾਨੇ ਦੇ ਮਹੱਤਵ ਨੂੰ ਦਰਸਾਉਂਦੀ ਇਸ ਫ਼ਿਲਮ ਦੇ ਟਰੇਲਰ ਨੂੰ 11 ਜੂਨ ਨੂੰ ਜਾਰੀ ਕੀਤਾ ਗਿਆ ਸੀ ਜਿਸ ਤੋਂ ਬਾਅਦ ਯੂ-ਟਿਊਬ ਤੇ ਫੇਸਬੁੱਕ 'ਤੇ ਹੁਣ ਤੱਕ 3 ਕਰੋੜ ਵਾਰ ਫ਼ਿਲਮ ਦੇ ਟਰੇਲਰ ਨੂੰ ਦੇਖਿਆ ਜਾ ਚੁੱਕਾ ਹੈ। ਫ਼ਿਲਮ ਦੇ ਨਿਰਮਾਤਾ ਨੀਰਜ ਪਾਂਡੇ ਤੇ ਸ਼ੀਤਲ ਭਾਟੀਆ ਦਾ ਕਹਿਣਾ ਹੈ ਕਿ ਉਹ ਜਿੱਥੇ ਵੀ ਜਾ ਰਹੇ ਹਨ ਹਰ ਜਗ੍ਹਾ 'ਟਾਇਲਟ : ਏਕ ਪ੍ਰੇਮ ਕਥਾ' ਦੀ ਗੱਲ ਹੋ ਰਹੀ ਹੈ ਜਿਸ ਤੋਂ ਉਹ ਬਹੁਤ ਖ਼ੁਸ਼ ਹਨ। ਯੂ-ਟਿਊਬ 'ਤੇ ਇਸ ਫ਼ਿਲਮ ਨੂੰ 1.5 ਕਰੋੜ ਲਾਇਕ ਮਿਲ ਚੁੱਕੇ ਹਨ ਜਦਕਿ 1 ਕਰੋੜ 50 ਲੱਖ ਤੋਂ ਜ਼ਿਆਦਾ ਵਾਰ ਫੇਸਬੁੱਕ 'ਤੇ ਇਸ ਫ਼ਿਲਮ ਦੇ ਟਰੇਲਰ ਨੂੰ ਦੇਖਿਆ ਜਾ ਚੁੱਕਾ ਹੈ।

## ਮਾਸਿਕ ਧਰਮ ਨਾਲ ਜੁੜੀ ਫ਼ਿਲਮ 'ਫੁੱਲੂ' ਨੂੰ ਮਿਲਿਆ ਏ-ਸਰਟੀਫਿਕੇਟ

ਪਿਛਲੇ ਦਿਨੀਂ ਫ਼ਿਲਮ ਨਿਰਦੇਸ਼ਕ ਪ੍ਰਕਾਸ਼ ਝਾਅ ਦੀ ਫ਼ਿਲਮ 'ਲਿਪਸਟਿਕ ਅੰਡਰ ਮਾਈ ਬੁਰਕਾ' ਨੂੰ ਭਾਰਤ 'ਚ ਬੈਨ ਕਰਨ ਦੇ ਫ਼ੈਸਲੇ ਦੇ ਚੱਲਦਿਆਂ ਸੈਂਸਰ ਬੋਰਡ ਸੁਰਖ਼ੀਆਂ ਵਿਚ ਆ ਗਿਆ ਸੀ ਤੇ ਹੁਣ ਮਹਿਲਾਵਾਂ ਦੇ ਮਾਸਿਕ ਧਰਮ ਨਾਲ ਜੁੜੀ ਫ਼ਿਲਮ ਫੁੱਲੂ ਨੂੰ ਏ ਸਰਟੀਫਿਕੇਟ ਦੇ ਕੇ ਸੈਂਸਰ ਬੋਰਡ ਫਿਰ ਤੋਂ ਵਿਵਾਦਾਂ ਦੇ ਘੇਰੇ ਵਿਚ ਆ ਗਿਆ ਹੈ। ਸੋਸ਼ਲ ਮੀਡੀਆ 'ਤੇ ਇਸ ਫ਼ਿਲਮ ਨੂੰ ਸੈਂਸਰ ਬੋਰਡ ਵੱਲੋਂ ਏ ਸਰਟੀਫਿਕੇਟ ਦਿੱਤੇ ਜਾਣ 'ਤੇ ਹਾਹਾਕਾਰ ਮਚੀ ਹੋਈ ਹੈ ਜਦਕਿ ਟਵਿਟਰ 'ਤੇ ਵੀ ਕਈਆਂ ਨੇ ਇਸ ਗੱਲ ਨੂੰ ਲੈ ਕੇ ਖ਼ਾਸੀ ਨਾਰਾਜ਼ਗੀ ਜਤਾਈ ਹੈ ਕਿ ਫ਼ਿਲਮ ਨੂੰ ਕਿਸ ਆਧਾਰ 'ਤੇ ਏ ਸਰਟੀਫਿਕੇਟ ਦਿੱਤਾ ਗਿਆ ਹੈ। ਇੱਥੋਂ ਤੱਕ ਕਿਮ ਇੱਕ ਯੂਜ਼ਰ ਨੇ ਤਾਂ ਇਹ ਵੀ ਲਿਖਿਆ ਹੈ ਕਿ ਮਾਸਿਕ ਧਰਮ ਨਾਲ ਜੁੜੀ ਜਾਣਕਾਰੀ ਲੜਕੀਆਂ ਲਈ ਬਹੁਤ ਹੀ ਜ਼ਰੂਰੀ ਹੈ ਤੇ ਇਸ ਫ਼ਿਲਮ ਨੂੰ ਏ ਸਰਟੀਫਿਕੇਟ ਦਿੱਤਾ ਜਾਣਾ ਸਮਝ ਤੋਂ ਬਹਾਰ ਹੈ।

## ਬਾਹੂਬਲੀ ਲਈ ਮੁਸ਼ਕਿਲ ਹੋਵੇਗਾ ਆਮਿਰ ਖ਼ਾਨ ਦੀ ਫ਼ਿਲਮ 'ਦੰਗਲ' ਦਾ ਰਿਕਾਰਡ ਤੋੜਨਾ

ਬਾਲੀਵੁੱਡ ਅਦਾਕਾਰ ਆਮਿਰ ਖ਼ਾਨ ਦੀ ਫ਼ਿਲਮ 'ਦੰਗਲ' ਬਾਕਸ ਆਫ਼ਿਸ ਦੀ ਸਭ ਤੋਂ ਸਫਲ ਫ਼ਿਲਮ ਸਾਬਿਤ



ਹੋਈ ਹੈ। ਕਮਾਈ ਦੇ ਮਾਮਲੇ ਵਿਚ ਇਸ ਫ਼ਿਲਮ ਵੱਲੋਂ ਬਣਾਇਆ ਗਿਆ ਰਿਕਾਰਡ ਦੂਸਰੀਆਂ ਫ਼ਿਲਮਾਂ ਲਈ 'ਸੰਭਵ ਸਾਬਿਤ ਹੋ ਸਕਦਾ ਹੈ। 'ਦੰਗਲ' ਦੇ ਨਾਲ ਫ਼ਿਲਮ ਨਿਰਮਾਤਾ ਐਸ.ਐਸ ਰਾਜਮੌਲੀ ਦੀ ਫ਼ਿਲਮ ਬਾਹੂਬਲੀ : ਦੀ ਕਨਕਲੂਜਨ ਨੇ ਕਮਾਈ ਦੇ ਨਵੇਂ ਰਿਕਾਰਡ ਬਣਾਏ ਹਨ। ਜਦਕਿ 1500 ਕਰੋੜ ਦੇ ਕਲੱਬ ਵਿਚ ਸ਼ਾਮਲ ਹੋਣ ਵਾਲੀਆਂ ਇਹ ਪਹਿਲੀਆਂ ਭਾਰਤੀ ਫ਼ਿਲਮਾਂ ਹਨ। ਜੇ ਗੱਲ ਕਰੀਏ ਫ਼ਿਲਮ 'ਦੰਗਲ' ਦੀ ਤਾਂ ਕਮਾਈ ਦੇ ਮਾਮਲੇ ਵਿਚ ਇਸ ਨੇ ਬਾਹੂਬਲੀ ਨੂੰ ਬਹੁਤ ਪਿੱਛੇ ਛੱਡ ਦਿੱਤਾ ਹੈ। ਫੋਬਰਸ ਮੁਤਾਬਿਕ 1933 ਕਰੋੜ (310 ਮਿਲੀਅਨ ਡਾਲਰ) ਕਮਾ ਕੇ 'ਦੰਗਲ' ਦੁਨੀਆ ਦੀ 5ਵੇਂ ਨੰਬਰ ਦੀ ਸਭ ਤੋਂ ਵੱਡੀ ਗੈਰ ਅੰਗਰੇਜ਼ੀ ਫ਼ਿਲਮ ਬਣ ਚੁੱਕੀ ਹੈ ਜੋ ਕਿ ਜਲਦ ਹੀ 2000 ਕਲੱਬ ਵਿਚ ਵੀ ਸ਼ਾਮਲ ਹੋਣ ਵਾਲੀ ਹੈ। ਭਾਰਤ ਤੋਂ ਅੱਗੇ ਚੀਨ ਦੀਆਂ 2, ਇੱਕ ਜਪਾਨ ਤੇ ਇੱਕ ਫਰਾਂਸ ਦੀ ਫ਼ਿਲਮ ਹੈ ਤੇ ਦੰਗਲ ਅਜੇ ਤੱਕ ਕਮਾਈ ਕਰ ਰਹੀ ਹੈ।

## ਬਾਬਾ ਰਾਮਦੇਵ ਦੀ ਜ਼ਿੰਦਗੀ 'ਤੇ ਬਣੇਗੀ ਬਾਇਓ ਪਿਕ

ਬਾਲੀਵੁੱਡ ਵਿਚ ਬਾਇਓ ਪਿਕ ਫ਼ਿਲਮਾਂ ਕਾਫ਼ੀ ਸਫਲ ਰਹੀਆਂ ਹਨ। ਜੇਕਰ ਗੱਲ ਕਰੀਏ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਤੇ ਫ਼ਿਲਮੀ ਅਦਾਕਾਰ ਸੰਜੇ ਦੱਤ ਦੀ



ਤਾਂ ਹਰ ਇੱਕ 'ਤੇ ਬਾਇਓ ਪਿਕ ਦਾ ਕੰਮ ਚੱਲ ਰਿਹਾ ਹੈ। ਅਜਿਹੇ ਵਿਚ ਫ਼ਿਲਮੀ ਅਦਾਕਾਰ ਅਜੇ ਦੇਵਗਨ ਵੀ ਨਿਰਦੇਸ਼ਕ ਅਭਿਨਵ ਸ਼ੁਕਲਾ ਨਾਲ ਮਿਲੇ ਯੋਗ ਗੁਰੂ ਰਾਮਦੇਵ ਦੀ ਫ਼ਿਲਮ ਦਾ ਨਿਰਮਾਣ ਕਰਨ ਜਾ ਰਹੇ ਹਨ। ਇਸ ਫ਼ਿਲਮ ਦਾ ਨਾਂਅ ਹੋਵੇਗਾ ਸਵਾਮੀ ਬਾਬਾ ਰਾਮਦੇਵ ਦੀ ਅਨਟੋਲਡ ਸਟੋਰੀ ਜੋ ਕਿ ਬਾਬਾ ਰਾਮਦੇਵ ਅਤੇ ਉਨ੍ਹਾਂ ਦੇ ਪਾਰਟਨਰ ਬਾਲਾ ਕ੍ਰਿਸ਼ਨ ਦੀ ਜੀਵਨੀ 'ਤੇ ਆਧਾਰਿਤ ਹੋਵੇਗੀ। ਟੀਮ ਵੱਲੋਂ ਅਜੇ ਇਸ ਵਿਸ਼ੇ ਤੇ ਰਿਸਰਚ ਕੀਤੀ ਜਾ ਰਹੀ ਹੈ ਤੇ ਸਾਲ ਦਾ ਅੰਤ ਤੱਕ ਇਸ ਦੀ ਸ਼ੂਟਿੰਗ ਸ਼ੁਰੂ ਹੋਣ ਦੀ ਸੰਭਾਵਨਾ ਹੈ। ਇਸ ਤੋਂ ਪਹਿਲਾ ਅਜੇ ਦੇਵਗਨ ਸਨ ਆਫ਼ ਸਰਦਾਰ, ਸਿੰਘਮ ਰਿਟਰਨ ਤੇ ਸ਼ਿਵਾਏ ਜਿਹੀਆਂ ਕਈ ਫ਼ਿਲਮਾਂ ਦਾ ਨਿਰਮਾਣ ਕਰ ਚੁੱਕੇ ਹਨ।

# ਈਸਾਈਆਂ ਨੂੰ ਨੱਥੂ ਖੈਰਾ ਟਾਈਪ ਲੀਡਰਾਂ ਤੋਂ ਮੁਕਤੀ ਦੁਆਓ - ਕੈਪਟਨ ਤੋਂ ਮਸੀਹੀ ਦਲ ਦੀ ਮੰਗ

(ਸਫਾ 6 ਦੀ ਬਾਕੀ)

ਸਭਿਆਚਾਰਕ ਪਖੋਂ ਈਸਾਈਆਂ ਦੇ ਵਿਕਾਸ ਵਿੱਚ ਕੀ ਕੀ ਅੜਿਕੇ ਹਨ ਅਤੇ ਸਰਕਾਰ ਉਨ੍ਹਾਂ ਨੂੰ ਕਿਵੇਂ ਦੂਰ ਕਰ ਸਕਦੀ ਹੈ।

(ੲ) ਈਸਾਈਆਂ ਦੀ ਪੰਜਾਬ ਵਿੱਚ ਕੀ ਪ੍ਰਤੀਸ਼ਤ ਹੈ

(ਸ) ਈਸਾਈ ਧਾਰਮਿਕ ਸਮਾਗਮਾਂ ਉੱਤੇ ਈਸਾਈਅਤ ਵਿਰੋਧੀ ਤਾਕਤਾਂ ਵਲੋਂ ਹਮਲੇ ਕੌਣ ਕਰ ਰਿਹਾ ਹੈ ਅਤੇ ਕਿਉਂ ਕਰ ਰਿਹਾ ਹੈ ਇਹ ਹਮਲੇ ਸਰਕਾਰ ਕਿਵੇਂ ਰੋਕ ਸਕਦੀ ਹੈ। ਹੁਣ ਤੱਕ ਭਾਵੇਂ ਪੰਜਾਬ ਵਿੱਚ ਕਾਂਗਰਸ ਦੀ ਸਰਕਾਰ ਰਹੀ ਜਾਂ ਅਕਾਲੀ ਦਲ ਜਾਂ ਹੋਰ ਕਿਸੇ ਦੀ - ਹੁਣ ਤੱਕ ਸਾਰੀਆਂ ਸਰਕਾਰਾਂ ਨੇ ਈਸਾਈਆਂ ਨੂੰ ਪ੍ਰਤੀਨਿਧਤਾ ਦੇਣ ਦੇ ਨਾਂ ਤੇ ਜਿਨ੍ਹਾਂ ਲੋਕਾਂ ਨੂੰ ਸਰਕਾਰ ਵਿੱਚ ਸੀਟਾਂ ਦਿੱਤੀਆਂ ਉਨ੍ਹਾਂ ਕੋਲ ਈਸਾਈਆਂ ਦੇ ਵਿਕਾਸ ਲਈ ਕੋਈ ਪ੍ਰੋਗਰਾਮ ਨਹੀਂ ਸੀ। ਉਨ੍ਹਾਂ ਨੇ ਆਪਣੀ ਅਹੁਦੇ ਦੀ ਮਿਆਦ ਦਾ ਸਮਾਂ ਨਿਕੰਮੀ ਤੋਂ ਨਿਕੰਮੀ ਸੀਟ ਦੇ ਨਸ਼ੇ ਵਿੱਚ ਹੀ ਗੁਆ ਦਿੱਤਾ।ਉਨ੍ਹਾਂ ਦੀ ਨਲਾਇਕੀ ਦਾ ਸਿੱਟਾ ਪਿਛਲੇ 70 ਸਾਲ ਤੋਂ ਈਸਾਈ ਕੌਮ ਭੁਗਤ ਰਹੀ ਹੈ।

ਕਿਰਪਾ ਕਰਕੇ ਇਹ ਪ੍ਰੰਪਰਾ ਬੰਦ ਕੀਤੀ ਜਾਵੇ ਅਤੇ ਅਗੇ ਤੋਂ ਮਸੀਹੀ ਸਮਾਜ ਦੇ ਆਰਥਿਕ, ਸਮਾਜਿਕ, ਵਿਦਿਅਕ, ਰਾਜਨੀਤਕ, ਸਭਿਆਚਾਰਕ ਪੱਖਾਂ ਦਾ ਡੂੰਘਾ ਗਿਆਨ ਰੱਖਣ ਵਾਲੇ ਅਤੇ ਈਸਾਈਆਂ ਦੀ ਹਰ ਪੱਖੋਂ ਉੱਨਤੀ ਦਾ ਡੂੰਘਾ ਗਿਆਨ ਰੱਖਣ ਵਾਲੇ ਕੁਰਬਾਨੀ ਲੋਕ ਹੀ ਈਸਾਈ ਬਰਾਦਰੀ ਦੇ ਨਾਂ ਤੇ ਸਰਕਾਰੀ ਸੀਟਾਂ ਉੱਤੇ ਬਿਠਾਏ ਜਾਣ। ਜੇਕਰ ਮੌਜੂਦਾ ਕਾਂਗਰਸ ਸਰਕਾਰ ਦਾ ਰਵੱਈਆ ਵੀ ਉਹੀ ਪੁਰਾਣਾ ਰਿਹਾ ਤਾਂ ਅਗਲੇ 70 ਸਾਲ ਵਿੱਚ ਵੀ ਈਸਾਈ ਹਰ ਪ੍ਰਕਾਰ ਦੀਆਂ ਮੁਸ਼ਕਿਲਾਂ ਮੁਸੀਬਤਾਂ ਹੇਠ ਦੱਬੇ ਰਹਿਣਗੇ।

## ਗਰਮੀ ਦੇ ਮੌਸਮ ਵਿੱਚ ਲੂ ਲੱਗਣ ਤੋਂ ਬਚਾਅ

ਗਰਮੀ ਦੇ ਮੌਸਮ ਖ਼ਾਸ ਤੌਰਤੇ ਮਈ ਤੋਂ ਜੁਲਾਈ ਦੇ ਦਰਮਿਆਨ ਤੇਜ਼ ਅਤੇ ਗਰਮ ਹਵਾਵਾਂ ਚਲਦੀਆਂ ਹਨ। ਇਨ੍ਹਾਂ ਹਵਾਵਾਂ ਨੂੰ ਅਸੀਂ ਆਮ ਭਾਸ਼ਾ ਵਿੱਚ 'ਲੂ' ਵੀ ਕਹਿ ਲੈਂਦੇ ਹਾਂ ਕਿ ਅੱਜ ਬੜੀ 'ਲੂ' ਵਗ ਰਹੀ ਹੈ। ਇਹ ਹਵਾਵਾਂ ਕਾਫੀ ਗਰਮ ਅਤੇ ਤੇਜ਼ ਹੋਣ ਦੇ ਕਾਰਣ ਧਰਤੀ ਦੀ ਸਿਲ ਨੂੰ ਸੋਖ ਲੈਂਦੀਆਂ ਹਨ ਅਤੇ ਧਰਤੀ ਦੀ ਉਪਜਾਊ ਸ਼ਕਤੀ ਤੇ ਵੀ ਅਸਰ ਕਰਦੀਆਂ ਹਨ, ਜਿਸ ਦੇ ਫਲਸਰੂਪ ਧਰਤੀ ਉੱਤੇ, ਜੀਵ-ਜੰਤੂਆਂ, ਮਨੁੱਖ ਜਾਤੀ ਅਤੇ ਵਨਸਪਤੀਆਂ ਵਿੱਚ ਪਾਣੀ ਦੀ ਘਾਟ ਹੋ ਜਾਂਦੀ ਹੈ। ਇਥੋਂ ਤੱਕ ਕਿ ਗਰਮੀ ਨਾਲ ਸਭ ਪ੍ਰਾਣੀ ਵਿਆਕੁਲ ਹੋ ਜਾਂਦੇ ਹਨ।

ਇਸ ਮੌਸਮ ਵਿੱਚ ਹਰ ਪਾਸੇ 'ਲੂ' ਲੱਗਣ ਦੀਆਂ ਖਬਰਾਂ ਮਿਲਦੀਆਂ ਹਨ। ਲੂ ਲੱਗਣ ਇੱਕ ਐਸੀ ਬਿਮਾਰੀ ਹੈ ਕਿ ਜੇਕਰ ਸਮੇਂ ਸਿਰ ਅਤੇ ਸਾਵਧਾਨੀ ਪੂਰਵਕ ਇਸ ਦਾ ਇਲਾਜ ਨਾ ਕੀਤਾ ਜਾਏ ਤਾਂ ਇਹ ਜਾਨਲੇਵਾ ਵੀ ਸਾਬਤ ਹੋ ਸਕਦੀ ਹੈ। ਅਕਸਰ ਹੀ ਅਸੀਂ ਮੁਲਕ ਦੇ ਜਿਹਨਾਂ ਹਿੱਸਿਆਂ ਵਿੱਚ ਗਰਮੀ ਜ਼ਿਆਦਾ ਪੈਂਦੀ ਹੈ 'ਲੂ' ਲੱਗਣ ਕਾਰਨ ਮੌਤਾਂ ਹੋਣ ਦੀਆਂ ਖ਼ਬਰਾਂ ਪੜ੍ਹਦੇ ਸੁਣਦੇ ਹਾਂ।

**ਲੂ ਲੱਗਣ ਦੇ ਕਾਰਨ:-** 'ਲੂ' ਦਾ ਪ੍ਰਭਾਵ ਜ਼ਿਆਦਾਤਰ ਨਰਮ ਸੁਭਾਅ ਦੇ ਪ੍ਰਾਣੀਆਂ, ਜ਼ਿਆਦਾ ਨਸ਼ਾ ਕਰਨ ਵਾਲਿਆਂ, ਕਮਜ਼ੋਰ ਮਨੁੱਖਾਂ, ਜ਼ਿਆਦ ਦੇਰ ਧੁੱਪ ਵਿੱਚ ਰਹਿਣ, ਪਾਣੀ ਘੱਟ ਪੀਣ ਵਾਲਿਆਂ ਅਤੇ ਰੋਗੀ ਮਨੁੱਖ ਤੇ ਜਲਦੀ ਹੁੰਦੀ ਹੈ। ਪੌਸ਼ਟਿਕ ਭੋਜਨ ਦਾ ਨਾ ਕਰਨਾ ਵੀ ਲੂ ਲੱਗਣ ਦਾ ਕਾਰਣ ਬਣ ਜਾਂਦਾ ਹੈ।

**ਲੂ ਲੱਗਣ ਦੇ ਲੱਛਣ :-** ਲੂ ਲੱਗਣ ਦੇ ਲੱਛਣਾਂ ਵਿੱਚ ਆਮ ਤੌਰ ਤੇ ਗਲਾ ਸੁੱਕਣਾ, ਪੈਰਾਂ ਵਿੱਚ ਜਲਣ, ਚਿਹਰਾ ਲਾਲ ਹੋ ਜਾਣਾ, ਧੜਕਣ ਦਾ ਵਧ ਜਾਣਾ, ਭੁੱਖ ਨਾ ਲੱਗਣਾ, ਉਲਟੀਆਂ ਪਿਸ਼ਾਪ ਦਾ ਨਾ ਆਉਣਾ। ਸਰੀਰ ਨੂੰ ਖਿੱਚ ਜਿਹੀ ਮਹਿਸੂਸ ਹੋਣੀ, ਕਿਸੇ ਕੰਮ ਵਿੱਚ ਮਨ ਨਾ ਲੱਗਣਾ ਆਦਿ ਹੋ ਸਕਦੇ ਹਨ। ਸਰੀਰ ਦਾ ਤਾਪਮਾਨ ਵੀ ਕਈ ਵਾਰੀ ਵੱਧ ਜਾਂਦਾ ਹੈ। ਰੋਗੀ ਲੂ ਲੱਗਣ ਨਾਲ ਬੇਹੋਸ਼ ਹੋ ਜਾਂਦਾ ਹੈ।

**ਸਾਵਧਾਨੀਆਂ ਬਚਾਅ ਅਤੇ ਇਲਾਜ :-** ਗਰਮੀ ਦੇ ਦਿਨਾਂ ਵਿੱਚ ਜਦੋਂ ਬਾਹਰ ਭਿਆਨਕ ਲੂ ਵਗ ਰਹੀ ਹੁੰਦੀ ਹੈ ਤਾਂ ਘਰ ਤੋਂ ਬਾਹਰ ਨਹੀਂ ਨਿਕਲਣਾ ਚਾਹੀਦਾ। ਜੇਕਰ ਮਜਬੂਰੀ ਵਸ ਬਾਹਰ ਜਾਣਾ ਪਵੇ ਤਾਂ ਠੰਡੇ ਪਦਾਰਥ ਜ਼ਿਆਦਾ ਸੇਵਨ ਕਰਕੇ ਬਾਹਰ ਜਾਓ। ਧੁੱਪ ਵਿਚ ਕਦੇ ਵੀ ਨੰਗੇ ਸਿਰ ਬਾਹਰ ਨਾ ਜਾਓ। ਅੱਖਾਂ ਉੱਪਰ ਐਨਕ ਅਤੇ ਛੱਤਰੀ ਦਾ ਇਸਤੇਮਾਲ ਕਰੋ। ਬੱਚਿਆਂ ਨੂੰ ਧੁੱਫ ਵਿੱਚ ਖੇਡਣ ਤੋਂ ਰੋਕਣਾ ਚਾਹੀਦਾ ਹੈ।

ਲੂ ਲੱਗਣ ਤੋਂ ਬਚਣ ਲਈ ਇੱਕ ਛੋਟਾ ਪਿਆਜ਼ ਛਿੱਲ ਕੇ ਜੇਬ ਵਿੱਚ ਰੱਖਣ ਨਾਲ ਲੂ ਲੱਗਣ ਤੋਂ ਬਚਾਅ ਹੁੰਦਾ ਹੈ। ਇਹ ਸਾਡੇ ਪ੍ਰਾਚੀਨ ਆਯੁਰਵੇਦ ਗ੍ਰੰਥਾਂ ਵਿੱਚ ਲਿਖਿਆ ਹੈ ਪਿਆਜ਼ ਵਿੱਚ ਲੂ ਨਾ ਲੱਗਣ ਦੇ ਵਿਸ਼ੇਸ਼ ਗੁਣ ਹਨ। ਲੋੜ ਤੋਂ ਵੱਧ ਭੋਜਨ ਨਹੀਂ ਕਰਨਾ ਚਾਹੀਦਾ।

ਤਲੀਆਂ, ਮਸਾਲੇਦਾਰ ਚੀਜ਼ਾਂ ਦਾ ਵੀ ਪ੍ਰਹੇਜ਼ ਕਰਨਾ ਚਾਹੀਦਾ ਹੈ। ਭੋਜਨ ਦੇ ਨਾਮ ਇਮਲੀ, ਪੁਦੀਨਾ, ਖੀਰਾ, ਤਰ, ਮੂਲੀ, ਪਿਆਜ਼ ਅਤੇ ਨਿੰਬੂ ਦਾ ਇਸਤੇਮਾਲ ਬਹੁਤ ਲਾਭਦਾਇਕ ਹੈ। ਤਰਬੂਜ ਦੀ ਵਰਤੋਂ ਵੀ ਗਰਮੀ ਵਿੱਚ ਜ਼ਰੂਰ ਕਰਨੀ ਚਾਹੀਦੀ ਹੈ।

ਬਰਫ ਦੇ ਪਾਣੀ ਦੀ ਵਰਤੋਂ ਨਹੀਂ ਕਰਨੀ ਚਾਹੀਦੀ ਸਗੋਂ, ਘੜੇ ਜਾਂ ਸੁਰਾਹੀ ਦਾ ਪਾਣੀ ਜਾਂ ਫਰਿਜ਼ ਦਾ ਪਾਣੀ ਪੀਣਾ ਚਾਹੀਦਾ ਹੈ। ਫਲਾਂ ਦਾ ਜੂਸ, ਚਾਟੀ ਦੀ ਲੱਸੀ ਦਾ ਸੇਵਨ ਜ਼ਰੂਰ ਕਰਨਾ ਚਾਹੀਦਾ ਹੈ। ਮੋਟੇ ਸੂਤੀ ਕਪੜੇ ਹੋ ਸਕੇ ਤਾਂ ਖੱਦਰ ਦੇ ਕੱਪੜੇ ਇਨ੍ਹਾਂ ਦਿਨਾਂ ਵਿੱਚ ਪਹਿਨਣਾ ਲਾਭਦਾਇਕ ਹੈ। 'ਲੂ' ਲੱਗੇ ਵਿਅਕਤੀ ਨੂੰ ਪੱਖੇ ਅੱਗੇ ਜਾਂ ਛਾਂ ਵਾਲੀ ਠੰਡੀ ਜਗ੍ਹਾ ਤੇ ਲਿਟਾ ਕੇ ਉਸ ਦੇ ਸਿਰ ਤੇ ਬਾਰ ਬਾਰ ਠੰਡੇ ਪਾਣੀ ਦੀਆਂ ਪੱਟੀਆਂ ਰੱਖੋ ਅਤੇ ਕੱਪੜੇ ਉਤਾਰ ਕੇ ਠੰਡੇ ਪਾਣੀ ਵਿੱਚ ਤੋਲੀਆ ਭਿਉਂ ਕੇ ਉਸਦਾ ਸਰੀਰ ਕੁਝ ਦੇਰ ਲਗਾਤਾਰ ਪੂੰਝਦੇ ਰਹੋ।

ਪਿਆਸ ਲੱਗਣ ਤੇ ਕੱਚਾ ਅੱਬ ਭੂੰਨ ਕੇ ਉਸਦਾ ਸ਼ਰਬਤ ਬਣਾ ਕੇ ਪੀਣ ਲਈ ਦਿਉ। ਸੱਤੂਆਂ ਦਾ ਸੇਵਨ ਲੂ ਲੱਗੇ ਵਿਅਕਤੀ ਲਈ ਅਤੇ ਲੂ ਤੋਂ ਬਚਾਅ ਲੀ ਬਹੁਤ ਜ਼ਿਆਦਾ ਲਾ-ਭਦਾਇਕ ਹੈ ਇਹ ਸਰੀਰ ਨੂੰ ਸ਼ੀਤਲਤਾ ਪ੍ਰਦਾਨ ਕਰਦਾ ਹੈ। ਨਿੰਬੂ ਪਾਣੀ, ਨਿੰਬੂ ਦਾ ਸ਼ਰਬਤ ਵੀ ਬਹੁਤ ਗੁਣਕਾਰੀ ਹੈ। ਜੇਕਰ ਉਲਟੀ ਆ ਰਹੇ ਹੋਵੇ ਤਾਂ ਪਿਆਜ਼ ਦਾ ਰਸ ਜਾਂ ਸੌਂਫ ਅਤੇ ਪੁਦੀਨੇ ਦਾ ਰਸ ਮਿਸਰੀ ਮਿਲਾ ਕੇ ਪਿਲਾਉਣਾ ਚਾਹੀਦਾ ਹੈ। ਗਰਮੀ ਦੇ ਦਿਨਾਂ ਵਿੱਚ ਸ਼ਰਬਤ ਸੰਦਲ ਜਾਂ ਸ਼ਰਬਤ ਬਜ਼ੂਰੀ ਪੀਣਾ ਵੀ ਲੂ ਲੱਘਣ ਤੋਂ ਬਚਾਉਣ ਵਿੱਚ ਸਹਾਇਕ ਹੈ।

**- ਡਾ. ਯੂਸਫ ਮਸੀਹ, ਧਾਰੀਵਾਲ**

## ਸਮਾਣਾ ਵਿੱਚ ਮਸੀਹੀ ਸਮਾਗਮ ਭੰਗ ਕਰਨ ਦੀ ਸਾਜ਼ਿਸ਼ ਠੁੱਸ

ਸ਼ੋਬਾ (ਡੈਨੀਅਲ ਸ਼ੋਬਾ)- ਜ਼ਿਲਾ ਪਟਿਆਲਾ ਦੇ ਸਮਾਣਾ ਸ਼ਹਿਰ ਜੋ ਕਿ ਇਸ ਜ਼ਿਲੇ ਦੀ ਤਹਿਸੀਲ ਵੀ ਹੈ। ਇਥੇ ਮਸੀਹੀ ਪ੍ਰਚਾਰ ਦੇ ਕੁਝ ਰਵਾਇਤੀ ਵਿਰੋਧੀ ਕੱਟੜਪੰਥੀਆਂ ਵਲੋਂ ਜੂਨ ਮਹੀਨੇ ਦੇ ਪਹਿਲੇ ਹਫਤੇ ਕਰਵਾਏ ਜਾਣ ਵਾਲੇ ਮਸੀਹੀ ਸਮਾਗਮ ਨੂੰ ਭੰਗ ਕਰਨ ਦੀ ਸਾਜ਼ਿਸ਼ ਨੂੰ ਇਸ ਕਨਵੈਨਸ਼ਨ ਦੇ ਪ੍ਰਬੰਧਕਾਂ ਦੀ ਸੂਝ-ਬੂਝ, ਜਾਗਰੂਕਤਾ, ਏਕਤਾ ਅਤੇ ਸਿਦਕਦਿਲੀ ਨੇ ਮਸੀਹੀ ਪ੍ਰਚਾਰ ਦੇ ਦੋਖੀਆਂ ਦੇ ਇਰਾਦਿਆਂ ਨੂੰ ਅਸਫਲ ਬਣਾ ਦਿੱਤਾ ਗਿਆ। ਸਮਾਣਾ ਦੀ ਘਟਨਾ ਇਸ ਪ੍ਰਕਾਰ ਹੈ ਕਿ ਇਥੇ ਪਾਸਟਰ ਸੁਖਚੈਨ ਮਸੀਹ ਜੀ ਦੀ ਅਗਵਾਈ ਵਿੱਚ ਮਿਤੀ 1 ਤੋਂ 3 ਜੂਨ ਤੱਕ ਇੱਕ ਮਸੀਹੀ ਸਮਾਗਮ ਕਰਵਾਇਆ ਜਾਣਾ ਸੀ, ਜਿਸਦੀ ਪਟਿਆਲਾ ਦੇ ਡਿਪਟੀ ਕਮਿਸ਼ਨਰ ਤੋਂ ਪਹਿਲਾਂ ਹੀ ਬਕਾਇਦਾ ਮਨਜ਼ੂਰੀ ਲਈ ਹੋਈ ਸੀ ਪ੍ਰੰਤੂ ਪੰਜਾਬ ਵਿੱਚ ਬੇਸ਼ੱਕ ਸਰਕਾਰ ਬਦਲ ਗਈ ਹੈ ਪਰ ਈਸਾਈਅਤ ਦੇ ਪ੍ਰਚਾਰ ਦੇ ਵਿਰੋਧੀਆਂ ਦੀ ਮਾਨਸਿਕਤਾ ਵਿੱਚ ਕੋਈ ਤਬਦੀਲੀ ਨਹੀਂ ਆਈ। ਆਪਣੀ ਇਸੇ ਸੋਚ ਅਧੀਨ ਹੀ ਵੱਡੀ ਗਿਣਤੀ ਵਿੱਚ ਸ਼ਿਵ ਸੈਨਾ, ਆਰ.ਐਸ.ਐਸ. ਨਾਲ ਜੁੜੇ ਲੋਕ ਇਸ ਸਮਾਗਮ ਵਿੱਚ ਆ ਗਏ ਅਤੇ ਕਹਿਣ ਲੱਗੇ ਕਿ ਤੁਸੀਂ ਇਥੇ ਲੋਕਾਂ ਦਾ ਧਰਮ ਪਰਿਵਰਤਨ ਕਰਵਾਉਣਾ ਹੈ ਇਸ ਲਈ ਇਹ ਸਮਾਗਮ ਨਹੀਂ ਹੋਣ ਦਿੱਤਾ ਜਾਵੇਗਾ। ਇਸ ਪ੍ਰੋਗਰਾਮ ਦੇ ਅਯੋਜਕਾਂ ਨੇ ਇਹਨਾਂ ਲੋਕਾਂ ਨੂੰ ਸਮਝਾਇਆ ਕਿ ਇਥੇ ਕਿਸੇ ਦਾ ਧਰਮ ਨਹੀਂ ਬਦਲਿਆ ਜਾਣਾ, ਇਸ ਪ੍ਰਾਰਥਨਾ ਸਭਾ ਦੀ ਡੀ.ਸੀ. ਵਲੋਂ ਪਹਿਲਾਂ ਹੀ ਪ੍ਰਵਾਨਗੀ ਦਿੱਤੀ ਹੋਈ ਹੈ ਜਿਸ ਤਰ੍ਹਾਂ ਦੂਜੇ ਸਾਰੇ ਲੋਕ ਅਰਾਧਨਾ ਰਦੇ ਹਨ ਉਸੇ ਤਰ੍ਹਾਂ ਅਸੀਂ ਵੀ ਕਰ ਰਹੇ ਹਾਂ। ਪ੍ਰੰਤੂ ਇਸ ਸਭ ਕਾਸੇ ਦਾ ਉਨ੍ਹਾਂ ਨੇ ਕੋਈ ਅਸਰ ਨਾ ਹੋਇਆ, ਉਹਨਾਂ ਨੇ ਆਪਣਾ ਹੋ ਹੱਲਾ ਜਾਰੀ ਰੱਖਿਆ, ਇਥੋਂ ਤੱਕ ਕਿ ਇੱਕ ਵਿਅਕਤੀ ਨੇ ਆਪਣੇ ਉਪਰ ਪੈਟਰੋਲ ਛਿੜਕ ਕੇ ਆਤਮਾਦਾਹ ਕਰਨ ਦੀ ਧਮਕੀ ਦਿੱਤੀ।

ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਜਿਸ ਡੀ.ਸੀ. ਨੇ ਸਮਾਗਮ ਦੀ ਮਨਜ਼ੂਰੀ ਦਿੱਤੀ ਸੀ ਉਹ ਵੀ ਇਹਨਾਂ ਲੋਕਾਂ ਦੁਬਾਅ ਹੇਠ ਕਹਿਣ ਲੱਗਾ ਕਿ ਇਹ ਸਮਾਗਮ ਬੰਦ ਕਰ ਦਿੱਤਾ ਜਾਵੇ। ਇਨੇ ਚਿਰ ਨੂੰ ਫਿਰੋਜ਼ਪੁਰ ਤੋਂ ਸੈਮਸਨ ਬ੍ਰਿਗੇਡ ਦੀਆਂ ਕੁਝ ਗੱਡੀਆਂ ਆ ਜਾਣ ਅਤੇ ਕੁਝ ਸਿੱਖ ਜਥੇਬੰਦੀਆਂ ਵਲੋਂ ਇਸ ਸਮਾਗਮ ਦੇ ਹੱਕ ਵਿੱਚ ਨਿਤਰਨ ਕਾਰਨ ਇਸ ਮਸੀਹੀ ਸਮਾਗਮ ਨੂੰ ਬੰਦ ਕਰਵਾਉਣ ਵਾਲੇ ਲੋਕਾਂ ਨੇ ਸਮਾਗਮ ਵਾਲੀ ਜਗ੍ਹਾ ਤੋਂ ਖਿਸਕਣ ਵਿੱਚ ਆਪਣੀ ਭਲਾਈ ਸਮਝੀ ਅਤੇ ਇਹ ਸਮਾਗਮ ਪਰਮੇਸ਼ਵਰ ਦੀ ਕਿਰਪਾ ਅਤੇ ਲੋਕਾਂ ਦੇ ਸਹਿਯੋਗ ਨਾਲ ਨਿਰਵਿਘਨ ਨਪੇਰੇ ਚੜ੍ਹਿਆ।

## ਬੀਫ ਬੈਨ ਨੂੰ ਲੈ ਕੇ ਮੇਘਾਲਿਆ ਵਿੱਚ ਭਾਜਪਾ ਨੇਤਾ ਵਲੋਂ ਅਸਤੀਫਾ

(ਜਗਬਾਣੀ - ਮਿਤੀ 7-6-2017)

ਸ਼ਿਲਾਂਗ - ਭਾਜਪਾ ਨੇ ਉਨ੍ਹਾਂ ਖਬਰਾਂ ਨੂੰ ਬੇਬੁਨਿਆਦ ਦੱਸਿਆ, ਜਿੰਨ੍ਹਾਂ ਵਿੱਚ ਕਿਹਾ ਗਿਆ ਸੀ ਕਿ ਪਾਰਟੀ ਮੇਘਾਲਿਆ ਵਿੱਚ ਗਊ ਮਾਸ ਤੇ ਪਾਬੰਦੀ ਲਾਉਣਾ ਚਾਹੁੰਦੀ ਹੈ। ਇਸ ਦੌਰਾਨ ਹੀ ਮੇਘਾਲਿਆ ਤੋਂ ਭਾਜਪਾ ਦੇ ਇੱਕ ਹੋਰ ਨੇਤਾ ਨੇ ਹੱਤਿਆ ਲਈ ਬਾਜ਼ਾਰਾਂ ਵਿੱਚ ਪਸ਼ੂਆਂ ਦੀ ਵਿਕਰੀ ਤੇ ਪਾਬੰਦੀ ਵਿਰੁਧ ਪਾਰਟੀ ਤੋਂ ਅਸਤੀਫਾ ਦੇ ਦਿੱਤਾ ਹੈ। ਉੱਤਰੀ ਗਾਰੋ ਹਿਲਜ਼ ਜ਼ਿਲੇ ਦੇ ਭਾਜਪਾ ਪ੍ਰਧਾਨ ਬਾਚੂ ਨੇ ਪਾਰਟੀ ਤੋਂ ਅਸਤੀਫਾ ਦੇ ਦਿੱਤਾ। ਉਨ੍ਹਾਂ ਕਿਹਾ ਕਿ ਇੱਕ ਗਾਰੋ ਹੋਣ ਦੇ ਨਾਤੇ ਮੇਰੀ ਜ਼ਿੰਮੀਵਾਰੀ ਹੈ ਕਿ ਮੈਂ ਆਪਣੇ ਭਾਈਚਾਰੇ ਦੇ ਲੋਕਾਂ ਦੇ ਹਿਤਾਂ ਦੀ ਰਾਖੀ ਕਰਾਂ। ਗਊ ਮਾਸ ਖਾਣਾ ਸਾਡੀ ਸੰਸਕ੍ਰਿਤੀ ਦਾ ਹਿੱਸਾ ਅਤੇ ਪ੍ਰੰਪਰਾ ਹੈ। ਭਾਜਪਾ ਵਲੋਂ ਸਾਡੇ ਤੇ ਗੈਰ ਧਰਮ ਨਿਰਪੱਖ ਵਿਚਾਰਧਾਰਾ ਠੋਸੀ ਜਾ ਰਹੀ ਹੈ ਜੋ ਸਾਨੂੰ ਪ੍ਰਵਾਨ ਨਹੀਂ।

## ਬ੍ਰਾਹਮਣ ਵੀ ਖਾਂਦੇ ਸੀ ਮਾਸ

ਬੇਂਗਲੂਰ (ਜਗਬਾਣੀ- ਮਿਤੀ 7-6-2017) ਦੇਸ਼ ਵਿੱਚ ਬੀਫ ਤੇ ਪਾਬੰਦੀ ਨੂੰ ਲੈ ਕੇ ਚੱਲ ਰਹੀ ਬਹਿਸ ਵਿਚਾਲੇ ਕਰਨਾਟਕ ਭਾਜਪਾ ਦੇ ਬੁਲਾਰੇ ਵਾਮਨ ਆਚਾਰੀਆ ਨੇ ਵਿਵਾਦਿਤ ਬਿਆਨ ਦਿੰਦੇ ਹੋਏ ਕਿਹਾ ਕਿ ਭਾਰਤ ਦੇ ਖੇਤੀ ਪ੍ਰਧਾਨ ਦੇਸ਼ ਬਣਨ ਤੋਂ ਪਹਿਲਾਂ ਬ੍ਰਾਹਮਣ ਵੀ ਗਊ ਮਾਸ ਖਾਂਦੇ ਸਨ। ਹਾਲਾਂਕਿ ਭਾਜਪਾ ਵਲੋਂ ਹੀ ਆਲੋਚਨਾ ਸ਼ੁਰੂ ਹੋਣ ਤੋਂ ਬਾਅਦ ਉਨ੍ਹਾਂ ਨੇ ਇਸ ਬਿਆਨ ਨੂੰ ਵਾਪਸ ਲੈ ਲਿਆ। ਉਧਰ ਕੇਂਦਰੀ ਮੰਤਰੀ ਅਤੇ ਭਾਜਪਾ ਦੇ ਸੀਨੀਅਰ ਨੇਤਾ ਐਮ. ਵੈਂਕਈਆਂ ਨਾਇਡੂ ਨੇ ਕਿਹਾ ਕਿ ਉਹ ਖੁਦ ਵੀ ਮਾਸਾਹਾਰੀ ਹਨ ਅਤੇ ਭੋਜਨ ਹਰ ਵਿਅਕਤੀ ਦੀ ਆਪਣੀ ਪਸੰਦ ਦਾ ਵਿਸ਼ਾ ਹੈ। ਉਨ੍ਹਾਂ ਇਸ ਤੋਂ ਸਾਫ ਇਨਕਾਰ ਕੀਤਾ ਕਿ ਭਾਜਪਾ ਸਾਰਿਆਂ ਨੂੰ ਸ਼ਾਕਾਹਾਰੀ ਬਣਾਉਣਾ ਚਾਹੁੰਦੀ ਹੈ।

**ਪੇਸਕਸ- ਫਰੈਡੀ ਜੋਜ਼ਫ**

## ਇੰਗਲੈਂਡ ਦੇ ਪਾਰਲੀਮੈਂਟ ਦੀ ਦੁਚਿੱਤੀ

# ਹੰਗ ਪਾਰਲੀਮੈਂਟ ਦੀ ਰੁੱਤ ਜਾਂ ਦੋਬਾਰਾ ਚੋਣਾਂ



ਐੱਸ ਬਲਵੰਤ
s.balwantuk@yahoo.co.uk

ਉਂਝ ਤਾਂ ਕੈਨੇਡਾ ਦੀਆਂ ਚੋਣਾਂ ਨੇ ਪੰਜਾਬੀਆਂ ਦਾ ਮਾਣ ਵਧਾਇਆ ਸੀ, ਤੇ ਉਥੋਂ ਦੀ ਹਕੂਮਤ ਨੂੰ ਸਿੱਖ ਤੇ ਖਾਸ ਕਰਕੇ ਪੰਜਾਬੀ ਕੌਮ ਦੇ ਮੁੱਦਿਆਂ ਤੇ ਫਿਕਰਾਂ ਤੋਂ ਜਾਣੂੰ ਕਰਵਾ ਆਪਣੀ ਆਵਾਜ਼ ਉਠਾਉਣ ਲਈ ਉਥੋਂ ਦੀ ਰਾਜਨੀਤੀ ਵਿਚ ਵੱਡਾ ਦਾਖਲਾ ਲਿਆ ਸੀ, ਤੇ ਹੁਣ ਇੰਗਲੈਂਡ ਦੇ ਪਾਰਲੀਮੈਂਟ ਵਿਚ ਵੀ ਪੰਜਾਬੀਆਂ ਦੇ ਦਾਖਲੇ ਨੇ ਲੋਕਾਂ ਦੀਆਂ ਅੱਖਾਂ ਵਿਚ ਕਿਤੇ ਖੁਸ਼ੀ ਦੇ ਹੰਝੂ ਲੈ ਆਂਦੇ ਤੇ ਕਿਤੇ ਭੰਗੜੇ ਪੁਆ ਦਿੱਤੇ।

ਬ੍ਰਤਾਨਵੀ ਭਾਰਤੀਆਂ ਲਈ ਹੋਰ ਵੀ ਮਾਣ ਦੀ ਗੱਲ ਇਹ ਹੈ ਕਿ ਜਿੱਥੇ ਬ੍ਰਤਾਨੀਆ ਦੇ ਪਾਰਲੀਮੈਂਟ ਵਿਚ ਐਤਕੀਂ 51 ਲੋਕ ਨੌਨ-ਵਾਈਟ ਹਨ, ਉਨ੍ਹਾਂ ਵਿਚੋਂ ਭਾਰਤੀਆਂ ਦੀ ਗਿਣਤੀ ਬਾਰਾਂ ਹੋ ਗਈ ਹੈ, ਜੋ ਪਿਛਲੀ ਵਾਰੀ ਦਸ ਸੀ। ਇਥੇ ਹੀ ਬੱਸ ਨਹੀਂ ਬਲਕਿ ਲੇਬਰ ਪਾਰਟੀ ਦਾ ਏਸ਼ੀਅਨ ਲੀਡਰ ਵੀ ਤਰਸੇਮ ਕਿੰਗ ਵੀ ਪੰਜਾਬੀ ਹੀ ਸੀ ਤੇ ਹਾਊਸ ਆਫ ਲਾਰਡਸ ਵਿਚ ਏਸ਼ੀਅੰਸ ਲੋਕਾਂ 'ਚੋਂ ਦਾਖਲ ਦਾਖਲ ਹੋਣ ਵਾਲਾ ਵੀ ਇਹੀ ਪੰਜਾਬੀ ਸੀ। ਅੱਜ ਜੋ ਬਾਰਾਂ ਐਮ ਪੀ ਜਿੱਤ ਕੇ ਪਾਰਲੀਮੈਂਟ ਪਹੁੰਚੇ ਹਨ, ਉਨ੍ਹਾਂ ਵਿਚੋਂ ਲੇਬਰ ਪਾਰਟੀ ਦੇ ਹੀ ਸੱਤ ਲੋਕ ਹਨ।

ਬ੍ਰਤਾਨੀਆ ਵਿਚ ਹੁਣ ਦੀਆਂ ਚੋਣਾਂ 'ਚ ਬਰਮੰਘਿਮ ਦੇ ਐਜਬਾਸਟਨ ਏਰੀਏ 'ਚੋਂ ਪਾਰਲੀਮੈਂਟ ਲਈ ਆਪਣੀ ਸੀਟ ਫਤੇਹ ਕਰਨ ਵਾਲੀ ਪਹਿਲੀ ਪੰਜਾਬੀ ਔਰਤ ਪ੍ਰੀਤ ਗਿੱਲ, ਨੇ ਭਾਰਤੀ ਮੂਲ ਦੀ ਔਰਤ ਲਈ ਇਕ ਐਸਾ ਮੁਕਾਮ ਬਣਾਇਆ ਹੈ, ਜਿਸ 'ਤੇ ਆਉਣ ਵਾਲੀਆਂ ਨਸਲਾਂ ਗਰਵ ਕਰਿਆ ਕਰਨਗੀਆਂ ਤੇ ਇਤਿਹਾਸਕਾਰ ਬ੍ਰਤਾਨੀਆ ਦੀ ਪਾਰਲੀਮੈਂਟ 'ਚ ਪੰਜਾਬੀ ਔਰਤ ਦੇ ਰੋਲ ਬਾਰੇ ਕਹਿਣ ਲੱਗਿਆਂ ਆਪਣੀ ਕਲਮ ਦੀ ਛੁਹ ਪ੍ਰੀਤ ਗਿੱਲ ਦੇ ਨਾਂ ਤੋਂ ਕਰਿਆ ਕਰਨਗੇ। ਇਕ ਬੱਸ ਡਰਾਈਵਰ ਦੀ ਧੀ, ਜੋ ਹਿੰਦੁਸਤਾਨ ਵਿਚ ਯੂਨੈਸਕੋ ਦੀ ਪ੍ਰਤੀਨਿਧ ਵਜੋਂ ਤਾਇਨਾਤ ਰਹਿਣ ਤੇ "ਸਟਰੀਟ-ਚਿਲਡਰਨਜ਼" ਮੁੱਦੇ ਤੇ ਖੋਜ ਕਰਨ ਵਾਲੀ ਪ੍ਰੀਤ ਗਿੱਲ, ਨੇ ਆਪਣੇ ਚੋਣ-ਪ੍ਰਚਾਰ ਵਿਚ ਬ੍ਰਤਾਨੀਆ ਦੇ ਸਿਹਤ-ਵਿਭਾਗ, ਸਕੂਲਾਂ 'ਤੇ ਹੁੰਦੇ ਖਰਚੇ ਅਤੇ ਪੁਲੀਸ ਰੈਕਰੁਟਮੈਂਟ ਉਪਰ ਕੀਤੇ ਜਾ ਰਹੇ ਖਰਚੇ 'ਤੇ ਲਗਾਏ ਜਾਣ ਵਾਲੇ ਕੱਟ ਦੇ ਖਿਲਾਫ ਆਵਾਜ਼ ਓਠਾਈ ਤਾਂ ਲੋਕਾਂ ਦੇ ਦਿੱਲ ਜਿੱਤ ਲਏ, ਕਿਉਂਕਿ ਇਹੀ ਮੁੱਦੇ ਹਨ ਜੋ ਆਮ ਸ਼ਹਿਰੀ ਨੂੰ ਪ੍ਰਭਾਵਤ ਕਰਦੇ ਹਨ। ਹਰ ਇਨਸਾਨ ਸਿਹਤ ਪੱਖੋਂ ਤੰਦਰੁਸਤ, ਆਪਣੇ ਬੱਚਿਆਂ ਦਾ ਪੜ੍ਹਾਈ ਰਾਹੀਂ ਸਾਰਥਕ ਭਵਿੱਖ ਅਤੇ ਪੁਲੀਸ ਹੱਥੋਂ ਆਪਣੀ ਸੁਰੱਖਿਆ ਪ੍ਰਤੀ ਚਿੰਤਿਤ ਹੋ ਰਿਹਾ ਸੀ।



ਪ੍ਰੀਤ ਗਿੱਲ ਬ੍ਰਤਾਨੀਆ ਵਿਚ ਪਹਿਲਾਂ ਕੌਂਸਲਰ ਰਹਿ 2012 ਤੋਂ ਹੀ ਲੋਕਾਂ ਦੇ ਮਸਲਿਆਂ ਨੂੰ ਨਜਿੱਠਣ ਵਿਚ ਤਜੁਰਬਾ ਹਾਸਿਲ ਕਰ ਚੁੱਕੀ ਹੈ। ਇਸੇ ਤਰ੍ਹਾਂ ਬ੍ਰਤਾਨੀਆ ਦੀ ਪਾਰਲੀਮੈਂਟ 'ਚ ਦਾਖਲ ਹੋਣ ਵਾਲੇ ਪਹਿਲੇ ਪਗੜੀ-ਧਾਰੀ ਸਿੱਖ ਤਮਨਜੀਤ ਸਿੰਘ ਢੇਸੀ ਨੇ ਵੀ ਇਹ ਜਿੱਤ ਹਾਸਿਲ ਕਰਕੇ ਸਿੱਖ ਕੌਮ ਲਈ ਹੁਲਾਰੇ ਦੀ ਖੁਸ਼ੀ ਦਾ ਇਜ਼ਹਾਰ ਕਰਵਾਇਆ ਹੈ। ਲੰਡਨ ਦੇ ਗਰੇਵਜ਼ੈਂਡ ਗੁਰਦੁਆਰੇ ਦੇ ਪ੍ਰਧਾਨ ਦਾ ਪੁੱਤਰ ਤਮਨਜੀਤ ਸਿੰਘ ਖੁਦ ਮੈਥਮੈਟਿਕ ਦਾ ਮਾਹਰ ਹੈ ਤੇ ਲੰਡਨ ਤੋਂ ਪੜ੍ਹਾਈ ਕਰ ਉਸ ਨੇ ਆਕਸਫੋਰਡ ਯੂਨੀਵਰਸਿਟੀ ਤੋਂ ਸਟੈਟਿਸਟਿਕਸ ਦੀ ਅਗਲੀ ਪੜ੍ਹਾਈ ਕੀਤੀ ਹੋਈ ਏ। ਅੱਠਤੀ ਸਾਲਾਂ ਦੇ ਤਮਨਜੀਤ ਸਿੰਘ ਸਲੋਹ ਏਰੀਏ ਤੋਂ ਜੱਤਿ ਹਾਸਿਲ ਕਰ ਪੰਜਾਬੀਆਂ ਦੀ ਪ੍ਰਤੀਨਿਧਤਾ ਕਰਨ ਦਾ ਜ਼ਿੰਮਾ ਲਿਆ ਹੈ, ਔਰ ਉਨ੍ਹਾਂ ਦੀ ਕਾਬਲੀਅਤ ਦੇ ਮੱਦੇਨਜ਼ਰ ਹਰ ਪਾਸੇ ਹੌਂਸਲੇ ਬੁਲੰਦ ਦਿਸ ਰਹੇ ਹਨ।

ਬ੍ਰਤਾਨੀਆ ਦੀ ਪਾਰਲੀਮੈਂਟ ਚੋਣਾਂ ਦੇ ਆਏ ਨਤੀਜਿਆਂ ਵਿਚ 650 ਸੀਟਾਂ 'ਚੋਂ ਕੰਜ਼ਰਵੇਟਿਵ 318 ਸੀਟਾਂ 'ਤੇ ਕਾਬਜ਼ ਹੋਏ ਹਨ ਜੋਕਿ ਪਿਛਲੀ ਪੁਜ਼ੀਸਨ ਨਾਲੋਂ 13 ਸੀਟਾਂ ਘੱਟ ਹਨ। ਲੇਬਰ ਪਾਰਟੀ ਦੇ ਹੱਕ ਵਿਚ ਲੋਕਾਂ ਨੇ ਉਨ੍ਹਾਂ ਨੂੰ 32 ਸੀਟਾਂ ਵੱਧ ਦੇ ਕੇ ਜਿਤਾਇਆ ਹੈ ਤੇ ਇਸ ਵੇਲੇ ਲੇਬਰ ਪਾਰਟੀ ਕੋਲ 262 ਐਮ ਪੀ ਹਨ।

ਬਾਕੀ ਦੀਆਂ ਸੀਟਾਂ ਐਲ ਡੀ, ਐਸ ਐਨ ਪੀ, ਡੀ ਯੂ ਪੀ, ਅਤੇ ਬਾਕੀਆਂ ਵਿਚ ਵੰਡ ਹੋਈਆਂ ਹਨ। ਕੁਲ ਮਿਲਾ ਕੇ ਐਤਕੀਂ ਬ੍ਰਤਾਨੀਆ ਦੇ ਪਾਰਲੀਮੈਂਟ ਰਾਹੀਂ ਕੋਈ ਵੀ ਪਾਰਟੀ ਸਰਕਾਰ ਬਣਾਉਣ ਜਿੰਨੀ ਗਿਣਤੀ ਨਹੀਂ ਲੈ ਕੇ ਆਈ ਤੇ ਹਕੂਮਤੀ ਤੱਕੜੀ ਅੱਧ ਵਿਚਕਾਰ ਹੀ ਹਿੱਲ ਰਹੀ ਹੈ। ਅਸਲ ਵਿਚ ਜਦੋਂ ਤੋਂ ਯੂਰਪੀਅਨ ਯੂਨੀਅਨ ਦਾ ਗਠਨ ਹੋਇਅ ਉਦੋਂ ਤੋਂ ਹੀ ਬ੍ਰਤਾਨੀਆ ਦੀ ਰਾਜਨੀਤੀ ਦੇ ਪੱਲੜੇ ਹਿੱਲਣੇ ਸ਼ੁਰੂ ਹੋ ਗਏ ਸਨ।

ਸਰਮਾਏਦਾਰ ਨੂੰ ਤਾਂ ਇਕ ਬਹੁਤ ਵੱਡੀ ਮੰਡੀ ਮਿਲ ਰਹੀ ਸੀ ਤੇ ਮਿਲੀ ਵੀ ਪਰ ਇਸ ਨਾਲ ਇੰਗਲੇਂਡ ਵਰਗੇ ਆਕਾਰ ਪੱਖੋਂ ਛੋਟੇ ਪਰ ਦੁਨੀਆਂ ਦੀ ਨਜ਼ਰ ਵਿਚ ਸੋਨੇ ਦੀ ਚਿੜੀਆ ਦਾ ਇਮੇਜ ਰੱਖਣ ਤੇ ਮੈਂਬਰ ਦੇਸ਼ਾਂ ਦੇ ਨਾਗਰਿਕਾਂ ਨੂੰ ਕਿਤੇ ਵੀ ਜਾ ਕਏ ਵੱਸ ਜਾਣ ਦੀ ਮਿਲੀ ਖੁੱਲ੍ਹ ਕਰਕੇ ਹਰ ਕੋਈ ਇੰਗਲੈਂਡ ਨੂੰ ਵਹੀਰਾਂ ਘੱਤ ਆਇਆ।

ਉਨ੍ਹਾਂ ਹੀ ਦਿਨਾਂ ਵਿਚ ਸੋਵੀਅਤ ਯੂਨੀਅਨ ਦੇ ਨਾਲ ਨਾਲ ਹੋਰ ਸਮਾਜਵਾਦੀ ਦੇਸ੍ਹਾਂ ਦਾ ਟੁੱਟਣਾ ਸੋਨੇ 'ਤੇ ਸੁਹਾਗਾ ਹੋਰ ਫੇਰ ਗਿਆ। ਤੇ ਰੇਲਾਂ, ਜਹਾਜ਼, ਕਾਰਾਂ ਭਰ- ਭਰ ਲੋਕ ਇੰਗਲੇਂਡ ਭੱਜ ਆਏ। ਉਦੋਂ ਹੀ ਇਕ ਖਬਰ ਇਹ ਵੀ ਆਈ ਸੀ ਕਿ ਪੋਲੈਂਡ ਤੋਂ ਪੰਜ ਲੱਖ ਬੰਦਾ ਵਿਲਾਇਤ ਪਹੁੰਚ ਗਿਆ। ਲੋਕਾਂ ਦੀ ਭੀੜ ਨਾਲ ਚਰਚਾਂ ਭਰ ਗਈਆਂ। ਸਰਦੀਆਂ 'ਚ ਲੋਕੀ ਤਾਂ ਠੰਢ ਦੇ ਕਾਂਬੇ ਨਾਲ ਹੀ ਠਿਠਕ ਰਹੇ ਸਨ ਜਦਕਿ ਇਨ੍ਹਾਂ ਲੋਕਾਂ ਨੂੰ ਸੜਕਾਂ 'ਤੇ ਸੌਣ ਲਈ ਮਜਬੂਰ ਹੋਣਾ ਪਿਆ।

ਲੋਕਾਂ ਦੀ ਆਮਦ ਨੇ ਬੇਰੁਜ਼ਗਾਰੀ, ਸਿਹਤ, ਕ੍ਰਾਈਮ ਵਰਗਏ ਕਈ ਪੱਖਾਂ ਵਿਚ ਇਜ਼ਾਫਾ ਕੀਤਾ ਤੇ ਸਰਕਾਰ ਦੇ ਖਜ਼ਾਨੇ 'ਤੇ ਲੋੜੋਂ ਵੱਧ ਭਾਰ ਪੈ ਗਿਆ। ਬੇਰੁਜ਼ਗਾਰੀ ਦੇ ਨਾਲ ਨਾਲ ਰਹਿਣ ਲਈ ਮਕਾਨਾਂ ਦੀ ਸਮੱਸਿਆ, ਇਲਾਜ ਲਈ ਹਸਪਤਾਲ, ਦਵਾਈਆਂ, ਸੁਰੱਖਿਆ ਲਈ ਪੁਲੀਸ, ਸੋਸ਼ਲ ਸਕਿਊਰਿਟੀ ਦਾ ਭਾਰ। ਇਨ੍ਹਾਂ ਸਭ ਗੱਲਾਂ ਨੇ ਲੋਕਾਂ ਤੇ ਸਰਕਾਰ ਨੂੰ ਬੌਖਲਾ ਦਿੱਤਾ ਤੇ ਨਤੀਜਾ ਇਹ ਹੋਇਆ ਕਿ ਲੋਕਾਂ ਦੀ ਸੋਚ ਇਸ ਪਾਸੇ ਵਧਦੀ ਗਈ ਕਿ ਸਾਰੇ ਪੁਆੜੇ ਦੀ ਜੜ੍ਹ ਯੂਰਪੀਅਨ ਯੂਨੀਅਨ ਹੀ ਹੈ। ਸਕਾਟਲੈਂਣ ਦਾ ਰੌਲਾ, ਆਰਿਲੈਂਡ ਦੀਆਂ ਚੀਕਾਂ, ਤੇ ਉਤੋਂ ਰੀਸੈਸ਼ਨ ਦਾ ਸਮਾਂ।

ਇਸ ਸਾਰੇ ਕੁਝ ਦੇ ਚਲਦਿਆਂ ਲੋਕਾਂ ਦੇ ਭਖਦੇ ਮਸਲੇ-ਰੋਟੀ, ਕੱਪੜਾ ਔਰ ਮਕਾਨ। ਹੁਣ ਯੂਰਪੀਅਨ ਯੂਨੀਅਨ ਤੋਂ ਪਹਿਲਾਂ ਵਾਂਗ ਸਾਮਾਨ ਨਹੀਂ ਆਉਂਦਾ ਤੇ ਜੋ ਆਉਂਦਾ ਉਸ ਵਿਚ ਵੱਖ- ਵੱਖ ਰਸਤਿਆਂ/ਦੇਸ਼ਾਂ ਦੇ ਟੈਕਸ ਸਾਮਿਲ ਹੋਣ ਲਗ ਪਏ। ਇਸ ਦੇ ਨਾਲ ਮਹਿੰਗਾਈ ਨੂੰ ਹੋਰ ਖੁੱਲ੍ਹ ਮਿਲ ਗਈ। ਤੇ ਲੋਕਾਂ ਦੇ ਸਬਰ ਦੇ ਪਿਆਲਾ ਨਕੋ-ਨਕ ਭਰਨਾ ਸ਼ੁਰੂ। ਪਹਿਲਾਂ ਹੀ ਤਾਜ਼ੀਆਂ ਚੋਣਾਂ ਦਾ ਨਤੀਜਾ ਹੈ ਹੰਗ ਪਾਰਲੀਮੈਂਟ। ਹੁਣ ਦੇਖੋ, ਊਠ ਕਿਸ ਕਰਵਟ ਬੈਠਦਾ : ਹੰਗ ਪਾਰਲੀਮੈਂਟ 'ਚ ਜੂਤ-ਪਤਾਣ ਚਲਦੀ ਹੈ ਜਾਂ ਦੁਬਾਰਾ ਚੋਣਾਂ?

# ਕਿੱਥੇ ਛਪੀਏ

ਬਖ਼ਸ਼ੀ ਰਾਮ ਲੁਧਿਆਣਾ +91 94 632 68101



ਬੇ-ਗ਼ਮ ਪੁਰੇ ਦਾ ਵਾਸੀ ਨਾਲ ਮੇਰੀ ਜਾਣ ਪਛਾਣ ਦੀ ਸ਼ੁਰੂਆਤ 'ਭਾਰਤੀ ਲੋਕ ਨੀਚ ਕਿਵੇਂ ਬਣੇਂ? ਨਾਲ ਹੋਈ ਸੀ । ਇਹ ਜਾਣ ਪਛਾਣ ਏਨੀ ਪੀਡੀ ਹੋਈ ਕਿ ਬੇ-ਗ਼ਮ ਪੁਰੇ ਦਾ ਵਾਸੀ ਤੇ ਫਿਰ ਬੇਗਮ ਸ਼ਹਿਰ ਨੇ ਸਦਾ ਸਦਾ ਲਈ ਹੀ ਮੈਨੂੰ ਆਪਣੀ ਬੁੱਕਲ ਵਿਚ ਲੈ ਲਿਆ। ਇਹ ਜਾਣ ਪਛਾਣ ਜਾਂ ਪਿਆਰ ਇਥੇ ਹੀ ਰੁਕਿਆ ਨਹੀਂ । ਇਸ ਤੋਂ ਇਹ ਅੱਗੇ ਵਧਦਾ ਵਧਦਾ ਅੰਬੇਦਕਰੀ ਦੀਪ ਤੇ ਫਿਰ ਦੇਸ਼ ਦੁਆਬਾ ਤੱਕ ਮੈਨੂੰ ਲੈ ਆਇਆ।ਇਨ੍ਹਾਂ ਪਰਚਿਆਂ ਦਾ ਮੈਂ ਪਾਠਕ ਮਾਤਰ ਸੀ । ਜਿਸ ਤਰ੍ਹਾਂ ਹੋਰ ਲੋਕ ਇਹ ਪਰਚੇ ਪੜ੍ਹਦੇ ਰਹਿੰਦੇ ਹਨ, ਮੈਂ ਵੀ ਉਸੇ ਉਤਸ਼ਾਹ ਨਾਲ ਬਲਕਿ ਸ਼ੁਰੂ ਤੋਂ ਹੀ ਥੋੜ੍ਹਾ ਅੰਬੇਦਕਰੀ ਵਿਚਾਰਾਂ ਨੂੰ ਸਮਰਪਿਤ ਹੋਣ ਕਰਕੇ ਥੋੜ੍ਹੇ ਵੱਧ ਉਤਸ਼ਾਹ ਨਾਲ ਪੜ੍ਹਦਾ ਰਿਹਾ ਹੋਵਾਂਗਾ। ਕਦੇ ਕਦੇ ਮੈਂ 'ਬੇ-ਗ਼ਮ ਪੁਰੇ ਦਾ ਵਾਸੀ/ ਬੇਗਮ ਸ਼ਹਿਰ ਨੂੰ ਕੋਈ ਚਿੱਠੀ ਲਿਖ਼ ਦਿੰਦਾ ਤਾਂ ਉਹ ਝਟ ਛਪ ਜਾਂਦੀ । ਕਦੇ ਕਦੇ ਮੇਰੀ ਚਿਠੀ ਵਿਚ ਮੇਰੀ ਹੈਸੀਅਤ ਅਨੁਸਾਰ ਕੋਈ ਥੋੜ੍ਹੀ ਬਹੁਤੀ ਪਰਚੇ ਦੀ ਮਿੱਠੀ ਮਿੱਠੀ ਆਲੋਚਨਾ ਵੀ ਹੁੰਦੀ ਤਾਂ ਉਹ ਵੀ ਪ੍ਰੋਫੈਸਰ ਸਾਹਿਬ ਜੀ ( ਮੁੱਖ ਸੰਪਾਦਕ ਬੇਗਮ ਸ਼ਹਿਰ) ਝੱਟ ਹੀ ਛਾਪ ਦਿੰਦੇ ਸਨ। ਕਈ ਵਾਰ ਉਹ ਮੈਨੂੰ ਨਿਜੀ ਚਿੱਠੀਆਂ ਲਿਖ਼ ਕੇ ਵੀ ਚੰਗੇ ਸਨੇਹ ਪੂਰਬਕ ਉੱਤਰ ਦਿੰਦੇ ਸਨ। ਮੈਨੂੰ ਇਸ ਤੋਂ ਇਕ ਤਰ੍ਹਾਂ ਨਾਲ ਬੜਾ ਹੀ ਸਕੂਨ ਮਿਲਦਾ ਤੇ ਮੇਰਾ ਹੌਸਲਾ ਬਣਦਾ।

ਹੌਲੀ ਹੌਲੀ ਬੇਗ਼ਾਨਗੀਆਂ ਅਪਣੱਤ ਤੇ ਨੇੜਤਾ ਵਿਚ ਪਰਿਵਰਤਿਤ ਹੁੰਦੀਆਂ ਰਹੀਆਂ। ਸਾਰਾ ਕੁਝ ਹੀ ਇਸ ਤਰਾਂ ਅਛੋਪਲੇ ਜਿਹੇ ਹੀ ਹੋ ਗਿਆ ਕਿ ਮੈਨੂੰ ਪਤਾ ਤੱਕ ਨਾ ਲੱਗਿਆ। ਇਹ ਸਾਰੀ ਦੀ ਸਾਰੀ ਸੰਪਾਦਕ ਬੇਗਮ ਸ਼ਹਿਰ ਦੀ ਦਰਿਆ ਦਿਲੀ ਸੀ । ਕਈ ਵਾਰ ਕੇਡਰ ਕੈਂਪਾਂ ਵਿਚ ਵੀ ਥੋੜ੍ਹੀ ਬਹੁਤੀ ਹਾਜ਼ਰੀ ਲਵਾਈ। ਪ੍ਰੋਫੈਸਰ ਸਾਹਿਬ ਹੋਰ ਤੇ ਹੋਰ ਪੁਸਤਕਾਂ ਛਪਵਾਉਂਦੇ ਰਹੇ, ਮੈਂ ਪੜ੍ਹਦਾ ਗਿਆ। ਆਪਣੇ ਨਿਕਟ ਸਾਥੀਆਂ ਰਾਹੀਂ ਮੇਰੇ ਨਾਲ ਨਿੱਜੀ ਰਾਬਤਾ ਵੀ ਉਨ੍ਹਾਂ ਦੇ ਯਤਨਾਂ ਸਦਕਾ ਹੀ ਕਾਇਮ ਹੋਇਆ। ਪਿਆਰੇ ਮਿੱਤਰ ਸ਼ਿੰਦਰ ਸਿੰਘ ਜੀ, ਕਰਮਜੀਤ ਸਿੰਘ ਕੈਂਥ, ਗੁਰਮੇਲ ਸੰਧੂ ਸਾਹਿਬ ਮੇਰੇ ਪਾਸ ਆਉਣ ਜਾਣ ਲਗੇ । ਇਹ ਸਾਰਾ ਕੁਝ ਬਹੁਤ ਬਹੁਤ ਚੰਗਾ ਚੰਗਾ ਲਗਦਾ ਰਿਹਾ। ਬਾਨੀ ਤੇ ਮੁੱਖ ਸੰਪਾਦਕ ਬੇ-ਗ਼ਮ ਸ਼ਹਿਰ ਜੀ ਦੀ ਮੂਕ ਪ੍ਰੇਰਣਾ ਨਾਲ ਹੌਲੀ ਹੌਲੀ ਕਲਮ ਚੁੱਕਣੀ ਵੀ ਸ਼ੁਰੂ ਕਰ ਦਿੱਤੀ। ਬਹੁਤੀ ਆਨਾ ਕਾਨੀ ਤੋਂ ਬਿਨਾਂ ਹੀ, ਝੱਟ ਹੀ ਬੇਗਮ ਸ਼ਹਿਰ ਵਿਚ ਛਪ ਜਾਂਦੀ।ਦੋ ਤਿੰਨ ਵਾਰ ਪੰਜਾਬੀ ਟ੍ਰਿਬਿਊਨ ਤੇ ਰੋਜ਼ਾਨਾ ਸਪੋਕਸਮੈਨ ਵਿਚ ਵੀ ਥਾਂ ਮਿਲਦੀ ਰਹੀ । ਇਕ ਵਾਰ ਪੰਜਾਬੀ ਟ੍ਰਿਬਿਊਨ ਨੇ 150/- ਰੁਪਏ ਮੇਰੀ ਕਿਸੇ ਲਿਖਤ ਦੇ ਮਿਹਨਤਾਨੇ ਵਜੋਂ ਵੀ ਮੈਨੂੰ ਭੇਜੇ ਸਨ। ਦੋ ਤਿੰਨ ਵਾਰ ਤੋਂ ਵਧ ਇਹ ਦੋਵੇਂ ਹੀ ਪੇਪਰ ਮੇਰੀ ਕਲਮ ਨੂੰ ਬਹੁਤਾ ਚਿਰ ਸਥਾਨ ਨਾ ਦੇ ਸਕੇ । ਪਤਾ ਨਹੀਂ ਕਿਸ ਤਰ੍ਹਾਂ ਦੀ ਸਾਮੱਗਰੀ ਉਨ੍ਹਾਂ ਦੀ ਲੋੜ ਸੀ। ਮੈਂ ਵੀ ਫਿਰ ਉਨ੍ਹਾਂ ਨੂੰ ਆਪਣੀਆਂ ਲਿਖ਼ਤਾਂ ਭੇਜਣ ਵਿੱਚ ਉਤਸ਼ਾਹ ਨਾ ਦਿਖਾ ਸਕਿਆ।ਬੇਗ਼ਮ ਸ਼ਹਿਰ ਵਿਚ ਅੰਬੇਦਕਰੀ ਦੀਪ ਬਾਰੇ ਵਿਗਿਆਪਨ ਪੜ੍ਹ ਕੇ ਇਸ ਪੇਪਰ ਬਾਰੇ ਪਤਾ ਲੱਗਿਆ।ਮੈ ਝੱਟ ਉਸ ਦਾ ਚੰਦਾ ਭੇਜ ਕੇ ਉਸ ਦਾ ਪੱਕਾ ਪਾਠਕ ਬਣ ਗਿਆ।ਮੈਂ ਦੋਹਾਂ ਹੀ ਪਰਚਿਆਂ ਲਈ ਮਿਹਨਤ ਵੀ ਕਰਦਾ ਸੀ । ਨਵੇਂ ਨਵੇਂ ਪਾਠਕ ਵੀ ਲੱਭਦਾ ਰਹਿੰਦਾ ਸੀ। ਉਨ੍ਹਾਂ ਤੋਂ ਚੰਦੇ ਇਕੱਤਰ ਕਰਦਾ ਸੀ । ਪਰਚਿਆਂ ਦੇ ਸੰਪਾਦਕ ਸਾਹਿਬਾਨ ਨੂੰ ਚੰਦੇ ਭੇਜ ਕੇ ਪੇਪਰ ਵੀ ਲਵਾਉਂਦਾ ਸੀ । ਜਦ ਤੱਕ ਪਹਿਲਾ ਪੇਪਰ ਨਵੇਂ ਪਾਠਕ ਨੂੰ ਨਾ ਮਿਲੇ ਤਦ ਤਕ ਪਰਚੇ ਦਾ ਪਿੱਛਾ ਵੀ ਕਰਦਾ ਸੀ।

ਅੰਬੇਦਕਰੀ ਦੀਪ ਨੇ ਵੀ ਮੇਰੀਆਂ ਸੇਵਾਵਾਂ ਦੀ ਕਦਰ ਕਰਨੀ ਸ਼ੁਰੂ ਕਰ ਦਿੱਤੀ। ਪੂਰੇ ਦਾ ਪੂਰਾ ਸੰਪਾਦਕੀ ਬੋਰਡ ਬਹੁਤ ਹੀ ਸੁਹਿਰਦ ਲੇਖਕ ਲਿਖਾਰੀ ਪ੍ਰਾਣੀਆਂ ਦਾ ਬਣਿਆਂ ਹੋਇਆ ਹੈ। ਸ. ਦਰਸ਼ਨ ਸਿੰਘ ਬਾਜਵਾ ਜੀ ਮੁੱਖ ਸੰਪਾਦਕ ਹਨ। ਮੈਂ ਆਪਣੀ ਜਿਹੜੀ ਕੋਈ ਰਚਨਾ ਬੇਗਮ ਸ਼ਹਿਰ ਨੂੰ ਭੇਜਦਾ ਉਸ ਦੀ ਇਕ ਕਾਪੀ ਅੰਬੇਦਕਰੀ ਦੀਪ ਨੂੰ ਵੀ ਭੇਜ ਦਿੰਦਾ। ਉਹ ਵੀ ਮੈਨੂੰ ਛਾਪਣ ਲੱਗੇ ।ਧੰਨਵਾਦੀ ਹਾਂ। ਕਦੇ ਕਿਸੇ ਮੇਰੀ ਲਿਖ਼ਤ ਨੂੰ ਬੇਗ਼ਮ ਸ਼ਹਿਰ ਵਿਚ ਸਥਾਨ ਨਾ ਵੀ ਮਿਲਦਾ ਤਾਂ ਮੈਂ ਦੇਖਦਾ ਕਿ ਉਹ ਅੰਬੇਦਕਰੀ ਦੀਪ ਵਿਚ ਜ਼ਰੂਰ ਛਪ ਜਾਂਦੀ ।ਕਦੀ ਕਦੀ ਕਿਸੇ ਮੇਰੇ ਖਰੜੇ ਵਿਚ ਕੋਈ ਕਮਜ਼ੋਰੀ ਨਜ਼ਰ ਆਉਂਦੀ ਤਾਂ ਮੁੱਖ ਸੰਪਾਦਕ ਸਾਹਿਬ ਅੰਬੇਦਕਰੀ ਦੀਪ ਮੈਨੂੰ ਦੱਸ ਕੇ ਪਰਚੇ ਤੇ ਸਮੇਂ ਦੀ ਲੋੜ ਅਨੁਸਾਰ ਸੋਧ ਵੀ ਕਰ ਲੈਂਦੇ ਰਹੇ ਹਨ ਤੇ ਇਹ ਅਮਲ ਅੱਜ ਵੀ ਜਾਰੀ ਹੈ।

ਫਿਰ ਮੇਰੀ ਨਿਗਾਹ ਪਿਆ ਦੇਸ਼ ਦੁਆਬਾ। 'ਦੇਸ਼ ਦੁਆਬਾ' ਕੈਲੇਫੋਰਨੀਆਂ ਦੀ ਵਿਦੇਸ਼ੀ ਧਰਤੀ ਤੋਂ ਮਾਂ ਪੰਜਾਬੀ ਵਿਚ ਨਿਕਲਦਾ ਇਕ ਸਿਰਕੱਢ ਦਲਿਤ ਸਮੱਸਿਆਵਾਂ ਦਾ ਅਲੰਬਰਦਾਰ ਹਫਤਾਵਾਰੀ ਪਰਚਾ ਹੈ ।ਮੈਂ ਇਸ ਨੂੰ ਇੰਟਰਨੈੱਟ ਰਾਹੀਂ ਪੜ੍ਹਦਾ ਹਾਂ।ਹੁਣ ਮੇਰੀਆਂ ਰਚਨਾਵਾਂ ਇਸ ਪਰਚੇ ਨੂੰ ਵੀ ਜਾਂਦੀਆਂ ਹਨ । ਜਦ ਵੀ ਕੋਈ ਰਚਨਾ ਭੇਜੀਦੀ ਹੈ , ਝਟ ਛਪ ਜਾਂਦੀ ਹੈ। ਸੰਪਾਦਕ ਜੀ ਨੇ ਕਦੇ ਵੀ ਕਿੰਤੂ ਪ੍ਰੰਤੂ ਖੜ੍ਹਾ ਨਹੀਂ ਕੀਤਾ। ਆਪਣੇ ਕੋਲ ਪੁੱਜੀਆਂ ਰਚਨਾਵਾਂ ਜਿਵੇਂ ਦੀਆਂ ਤਿਵੇਂ ਛਾਪ ਕੇ ਸੰਪਾਦਕ ਵਲੋਂ ਸਗੋਂ ਲੇਖਕਾਂ ਦਾ ਹੌਸਲਾ ਹੀ ਵਧਾਇਆ ਹੈ। ਇਕ ਹੋਰ ਸਿਫਤ ਇਹ ਹੈ ਕਿ ਕੋਈ ਵੀ ਲਿਖ਼ਤ ਛਪਣ ਲਈ ਇਕ ਹਫਤੇ ਤੋਂ ਵੱਧ ਦੀ ਉਡੀਕ ਨਹੀਂ ਕਰਵਾਉਂਦੀ। ਪਰਚੇ ਵਲੋਂ ਸਗੋਂ ਆਪਣੇ ਲੇਖਕਾਂ ਨੂੰ ਲਿਖਿਆ ਜਾਂਦਾ ਹੈ ਕਿ ਜੇਕਰ ਕਿਸੇ ਸਮੇਂ ਉਨ੍ਹਾਂ ਦੀ ਕੋਈ ਲਿਖ਼ਤ ਛਪਣ ਵਿਚ ਉਕਾਈ ਹੋ ਗਈ ਹੋਵੇ ਤਾਂ ਉਹ ਪਰਚੇ ਨੂੰ ਯਾਦ ਕਰਵਾ ਦੇਣ ਤਾਂ ਜੋ ਉਹ ਰਚਨਾ ਪਰਚੇ ਦੇ ਅਗਲੇ ਸੰਸਕਰਣ ਵਿਚ ਛਾਪੀ ਜਾ ਸਕੇ।

ਕੁੱਝ ਅਰਸੇ ਤੋਂ ਇਕ ਅਹਿਸਾਸ ਜਿਹਾ ਬਣਦਾ ਜਾ ਰਿਹਾ ਹੈ, ਮੈਂ ਮਹਿਸੂਸ ਕਰਦਾ ਹਾਂ ਜਿਵੇਂ ਮੇਰੀ ਲੇਖਣੀ ਬਜਾਏ ਪਕਿਆਈ ਫੜਨ ਦੇ ਸ਼ਾਇਦ ਕਮਜ਼ੋਰੀ ਦੇ ਰਾਹ ਪੈ ਰਹੀ ਹੈ। ਲਗਭਗ ਦੋ ਸਾਲ ਤੋਂ ਬੇ-ਗ਼ਮ ਸ਼ਹਿਰ ਵਿਚ ਮੇਰੀਆਂ ਲਿਖ਼ਤਾਂ ਥਾਂ ਨਹੀਂ ਪਾ ਰਹੀਆਂ। ਮੇਰਾ ਹੁਣ ਹੀਆ ਨਹੀਂ ਪੈਂਦਾ ਉਨ੍ਹਾਂ ਨੂੰ ਆਪਣੀਆਂ ਲਿਖ਼ਤਾਂ ਭੇਜਣ ਦਾ। ਮੈਂ ਮਹਿਸੂਸ ਕਰਦਾ ਹਾਂ ਕਿ ਸ਼ਾਇਦ ਬੇਗ਼ਮ ਸ਼ਹਿਰ ਦੇ ਲੇਖਕਾਂ ਦੇ ਮੁਕਾਬਲੇ ਦਾ ਮੇਰਾ ਕੱਦ ਹਾਲੇ ਬਣ ਨਹੀਂ ਸਕਿਆ। ਉਨ੍ਹਾਂ ਵਿਚ ਲਗਭਗ ਸਾਰੇ ਦੇ ਸਾਰੇ ਬਹੁਤ ਪੁਰਾਣੇ ਮਿਹਨਤੀ ਲੇਖਕ ਹਨ ਤੇ ਮੈਂ ਠਹਿਰਿਆ ਇਕ ਹੁਣੇ ਹੁਣੇ ਅਜੇ ਕਲਮ ਚੁੱਕ ਕੇ ਤਾਜ਼ਾ ਤਾਜ਼ਾ ਪਿੜ ਵਿਚ ਆਇਆ ਚੇਲਾ ਜਿਹਾ।

ਤਿੰਨ ਚਾਰ ਮਹੀਨਿਆਂ ਤੋਂ ਲਗ ਭਗ ਇਹੀ ਰੁਖ਼ ਅੰਬੇਦਕਰੀ ਦੀਪ ਨੇ ਵੀ ਅਪਣਾਇਆ ਹੋਇਆ ਲਗਦਾ ਹੈ। ਮੈਂ ਮੰਨਦਾ ਹਾਂ ਕਿ ਕੱਚ ਘਰੜ ਕਿਸਮ ਦੇ ਮੇਰੇ ਵਰਗੇ, ਨਵੇਂ ਨਵੇਂ ਲੇਖਕਾਂ ਨੂੰ ਥਾਂ ਦੇਣ ਲਈ ਕੋਈ ਵੀ ਪਰਚਾ ਆਪਣੇ ਅਸੂਲਾਂ ਨੂੰ ਤਾਂ ਤਿਆਗ ਨਹੀਂ ਸਕਦਾ, ਅਸੂਲਾਂ ਦੀ ਕੁਰਬਾਨੀ ਤਾਂ ਨਹੀਂ ਦੇ ਸਕਦਾ। ਪਰ ਫਿਰ ਵੀ ਨਵੇਂ ਲੇਖਕਾਂ ਨੂੰ ਸਥਾਨ ਦੇਣ ਲਈ, ਉਨ੍ਹਾਂ ਨੂੰ ਸਥਾਨ ਦੇਣ ਲਈ ਸਮੇਂ ਦਾ ਹਾਣੀ ਬਣਾਉਣ ਲਈ ਕੁਝ ਤਾਂ ਢਿੱਲਾਂ ਉਨ੍ਹਾਂ ਦੇ ਹੱਕ ਵਿਚ ਸਵੀਕਾਰ ਕਰਨੀਆਂ ਹੀ ਪੈਣਗੀਆਂ। ਜੇਕਰ ਰੋਜ਼ਾਨਾ ਸਪੋਕਸਮੈਨ ਵਰਗਾ ਸਿਰਕੱਢ ਪਰਚਾ ਰਿਕਸ਼ਾ ਚਾਲਕਾਂ ਨੂੰ ਉਤਸ਼ਾਹਿਤ ਕਰ ਕੇ ਨਾਮੀ ਲੇਖਕਾਂ ਦੀ ਸ਼ਰੇਣੀ ਵਿਚ ਲਿਆ ਖੜਾ ਕਰ ਸਕਦਾ ਹੈ ਤਾਂ ਕੋਈ ਕਾਰਣ ਨਹੀਂ ਕਿ ਬੇਗ਼ਮ ਸ਼ਹਿਰ ਤੇ ਅੰਬੇਡਕਰੀ ਦੀਪ ਅਜਿਹਾ ਨਾ ਕਰ ਸਕਣ।

ਵਿਦੇਸ਼ ਤੋਂ ਨਿਕਲਣ ਵਾਲਾ ਹਫਤਾਵਾਰੀ ਪਰਚਾ ਦੇਸ਼ ਦੁਆਬਾ ਜੇਕਰ ਮਾਣ ਦੇ ਸਕਦਾ ਹੈ ਤਾਂ ਸਾਡੇ ਆਪਣੇ ਪਬਲੀਕੇਸ਼ਨਜ਼ ਸਾਡਾ ਧਿਆਨ ਕਿਉਂ ਨਾ ਕਰਨ। ਲੇਖਕ ਚਿੰਤਕ ਜੋ ਇਨ੍ਹਾਂ ਸਾਰੇ ਦੇ ਸਾਰੇ ਪੇਪਰਾਂ ਲਈ ਲਿਖਦੇ ਤੇ ਛਪਦੇ ਹਨ ਸਾਰੇ ਦੇ ਸਾਰੇ ਹੀ ਨਾਮੀ ਲੇਖਕ ਵਿਦਵਾਨ ਤੇ ਚਿੰਤਕ ਹਨ ਜਿਨ੍ਹਾਂ ਦੀ ਰੀਸ ਮੇਰੇ ਵਰਗਿਆਂ ਤੋਂ ਇਕ ਦੋ ਸਾਲਾਂ ਦੇ ਅਭਿਆਸ ਨਾਲ ਨਹੀਂ ਕੀਤੀ ਜਾ ਸਕਦੀ। ਇਹ ਤਾਂ ਨਿਰੰਤਰ ਘੋਲ ਹੈ ਜੋ ਸਫਲਤਾ ਦੀ ਦਹਿਲੀਜ਼ ਤੇ ਲੈ ਆਉਂਦਾ ਹੈ।ਫਿਰ ਕਲੇਮ ਤਾਂ ਕੋਈ ਨਹੀਂ ਕਿਸੇ ਵੀ ਪਰਚੇ ਤੇ । ਕੀ ਚਾਹੇ ਤਾਂ ਸਥਾਨ ਦੇ ਦੇਵੇ ਤੇ ਚਾਹੇ ਨਾ ਦੇਵੇ।

ਸ਼ੱਬੀਰ ਪੁਰ-ਸਹਾਰਨਪੁਰ (ਉੱਤਰ ਪ੍ਰਦੇਸ਼) ਦੀ ਦਲਿਤਾਂ ਵਿਰੁਧ ਸੰਗਠਤ ਘਟਨਾ ਨੂੰ ਦੇਖ਼ ਸੁਣ ਕੇ ਲੂੰ ਕੰਡੇ ਖੜੇ ਹੁੰਦੇ ਹਨ। ਅੱਜ ਦੇ ਦਿਨ ਵਿਚ( 4 6 2017) ਦਲਿਤ ਪਛੜੇ ਆਦਿ ਵਾਸੀ ਮੂਲ ਨਿਵਾਸੀ ਸਮੁਦਾਇ ਲਈ ਦਿਸ ਤੋਂ ਵੱਡੀ ਮਹੱਤਵਪੂਰਨ ਘਟਨਾ ਹੋਰ ਕੋਈ ਹੋ ਹੀ ਨਹੀਂ ਸਕਦੀ । ਪਰ ਕਿਉਂਕਿ ਇਸ ਨੂੰ ਥਾਂ ਨਾ ਮਿਲਣ ਦੇ ਡਰ ਕਾਰਣ ਕਲਮ ਚੁੱਕਣ ਦਾ ਹੀਆ ਹੀ ਨਹੀਂ ਪਿਆ ਤੇ ਜੀਅ ਚੁੱਪ ਚਾਪ ਆਪਣਿਆਂ ਨੂੰ ਇਹ ਦਲਿਤ ਵਿਰੋਧੀ ਕਮਿਊਨਲ ਤੇ ਸਰਕਾਰੀ ਜਬਰ ਦੇ ਵਿਰੁਧ ਜ਼ੁਲਮ ਸਹੀ ਜਾਣ ਲਈ ਛੱਡ ਰਿਹਾ ਹੈ। ਤਾਂ ਫਿਰ ਸੁਆਲ ਪੈਦਾ ਹੁੰਦਾ ਹੈ ਕਿ ਕਿੱਥੇ ਛਪੀਏ ?

# ਭਾਰਤ ਦੇ ਕੌਮੀ ਤੇ ਰਾਜ ਮਾਰਗਾਂ 'ਤੇ ਉੜ ਸਕੇਗੀ ਲਾਲ ਪਰੀ

ਚੰਡੀਗੜ੍ਹ- ਸੁਪਰੀਮ ਕੋਰਟ ਦੇ ਕੌਮੀ ਤੇ ਰਾਜ ਮਾਰਗਾਂ ਦੇ 500 ਮੀਟਰ ਦੇ ਘੇਰੇ ਅੰਦਰ ਸ਼ਰਾਬ 'ਤੇ ਪਾਬੰਦੀ ਬਾਰੇ ਹੁਕਮਾਂ ਤੋਂ ਬਚਣ ਲਈ ਪੰਜਾਬ ਕੈਬਨਿਟ ਨੇ ਪੰਜਾਬ ਆਬਕਾਰੀ ਐਕਟ-1914 ਦੀ ਧਾਰਾ 26 ਏ ਵਿੱਚ ਤਰਮੀਮ ਦੀ ਤਜਵੀਜ਼ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਇਸ ਸੋਧ ਨਾਲ ਕੌਮੀ ਤੇ ਰਾਜ ਮਾਰਗਾਂ 'ਤੇ ਪੈਂਦੇ ਹੋਟਲਾਂ, ਰੈਸਤਰਾਂ ਅਤੇ ਕਲੱਬਾਂ ਵਿੱਚ ਸ਼ਰਾਬ ਵਰਤਾਉਣ ਦੀ ਖੁੱਲ੍ਹ ਹੋ ਜਾਵੇਗੀ ਪਰ ਕੌਮੀ ਤੇ ਰਾਜ ਮਾਰਗਾਂ ਦੇ 500 ਮੀਟਰ ਘੇਰੇ ਅੰਦਰ ਕੋਈ ਵੀ ਸ਼ਰਾਬ ਦਾ ਠੇਕਾ ਨਹੀਂ ਹੋਵੇਗਾ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਪ੍ਰਧਾਨਗੀ ਹੇਠ ਅੱਜ ਇਥੇ ਹੋਈ ਕੈਬਨਿਟ ਮੀਟਿੰਗ ਵਿੱਚ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਵੱਲੋਂ 20 ਜੂਨ ਨੂੰ ਵਿਧਾਨ ਸਭਾ ਵਿੱਚ ਪੇਸ਼ ਕੀਤੀਆਂ ਜਾਣ ਵਾਲੀਆਂ ਬਜਟ ਤਜਵੀਜ਼ਾਂ ਨੂੰ ਪ੍ਰਵਾਨਗੀ ਦਿੱਤੀ ਗਈ। ਵਜ਼ਾਰਤ ਨੇ ਪ੍ਰਸ਼ਾਸਨਿਕ ਸੁਧਾਰ ਵਿਭਾਗ ਤੇ ਸ਼ਿਕਾਇਤ ਨਿਵਾਰਨ ਵਿਭਾਗ ਦੇ ਰਲੇਵੇਂ ਬਾਅਦ ਉਸ ਦਾ ਨਵਾਂ ਨਾਂ 'ਪ੍ਰਸ਼ਾਸਨਿਕ ਸੁਧਾਰ ਤੇ ਲੋਕ ਸ਼ਿਕਾਇਤ ਵਿਭਾਗ' ਰੱਖਣ ਨੂੰ ਮਨਜ਼ੂਰੀ ਦੇ ਦਿੱਤੀ। ਪ੍ਰਸ਼ਾਸਨਿਕ ਸੁਧਾਰ ਕਮਿਸ਼ਨ ਵੱਲੋਂ ਸਾਰੇ ਵਿਭਾਗਾਂ ਨੂੰ ਈ-ਪ੍ਰਸ਼ਾਸਨ ਹੇਠ ਲਿਆਉਣਾ ਲਾਜ਼ਮੀ ਹੋਵੇਗਾ। ਵਜ਼ਾਰਤ ਨੇ ਪੰਜਾਬ ਬੁਨਿਆਦੀ ਢਾਂਚਾ (ਵਿਕਾਸ ਤੇ ਰੈਗੂਲੇਸ਼ਨ) ਐਕਟ-2002 ਵਿੱਚ ਸੋਧ ਕਰਕੇ ਪੰਜਾਬ ਬੁਨਿਆਦੀ ਢਾਂਚਾ (ਵਿਕਾਸ ਤੇ ਰੈਗੂਲੇਸ਼ਨ) ਸੋਧ ਬਿੱਲ-2017 ਨੂੰ ਕਾਨੂੰਨੀ ਰੂਪ ਦੇਣ ਲਈ ਵਿਧਾਨ ਸਭਾ ਦੇ ਚੱਲ ਰਹੇ ਇਜਲਾਸ 'ਚ ਪੇਸ਼ ਕਰਨ ਲਈ ਪ੍ਰਵਾਨਗੀ ਦੇ ਦਿੱਤੀ ਹੈ।

ਇਸ ਕਦਮ ਨਾਲ ਬੁਨਿਆਦੀ ਢਾਂਚਾ ਫੀਸ ਪੰਜਾਬ ਬੁਨਿਆਦੀ ਢਾਂਚਾ ਵਿਕਾਸ ਫੰਡ ਦੀ ਬਜਾਏ ਸੂਬੇ ਦੇ ਸੰਚਿਤ ਫੰਡ ਵਿੱਚ ਜਮ੍ਹਾਂ ਹੋਵੇਗੀ। ਇਸ ਨਾਲ ਵਿਕਾਸ ਫੰਡ ਲਈ ਬਜਟ ਗਰਾਂਟ ਦਾ ਉਪਬੰਧ ਹੋਵੇਗਾ। ਵਜ਼ਾਰਤ ਨੇ ਸੂਬੇ 'ਚ ਫਸਲੀ ਵਿਭਿੰਨਤਾ ਨੂੰ ਉਤਸ਼ਾਹਤ ਕਰਨ ਲਈ ਵੱਖਰੇ ਤੌਰ 'ਤੇ ਬਾਗ਼ਬਾਨੀ ਯੂਨੀਵਰਸਿਟੀ ਸਥਾਪਤ ਕਰਨ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਕੈਬਨਿਟ ਨੇ ਪੰਜਾਬ ਮਿਉਂਸਿਪਲ ਫੰਡ ਐਕਟ-2006 ਅਤੇ ਪੰਜਾਬ ਮਿਉਂਸਿਪਲ ਬੁਨਿਆਦੀ ਢਾਂਚਾ ਵਿਕਾਸ ਫੰਡ ਐਕਟ-2011 ਵਿੱਚ ਸੋਧ ਲਈ ਸਥਾਨਕ ਸਰਕਾਰਾਂ ਵਿਭਾਗ ਦੀ ਤਜਵੀਜ਼ ਨੂੰ ਹਰੀ ਝੰਡੀ ਦੇ ਦਿੱਤੀ ਹੈ।

# ਸਾਹਿਤਕ ਪੈੜਾਂ- ਇਸ ਹਫਤੇ ਦੇ ਸ਼ਾਇਰ

## ਪੰਜਾਬਣ

ਮਰੂਏ 'ਤੇ ਮੀਂਹ ਪੈਣ ਪਿੱਛੋਂ
ਮਹਿਕਾਂ ਜਿੰਦਾਂ ਆਉਦੀਆਂ
ਮਸਤੀ 'ਚ ਚਿੜੀਆਂ ਜਿੰਦਾਂ
ਰੇਤਿਆਂ 'ਚ ਨਹਾਉਦੀਆਂ

ਨੀਲੀਆਂ ਜੇਹੀਆਂ ਅੱਖਾਂ ਤੇਰੀਆਂ
ਜਾਦੂ ਏਦਾਂ ਪਾਉਦੀਆਂ
ਨੀਲੀਆਂ ਜੇਹੀਆਂ...

ਸਾਹਾਂ ਵਿੱਚੋਂ ਮਹਿਕਾਂ
ਆਉਣ ਤੇਰੇ ਸੌਂਫੀਆ
ਹਾਹਾਕਾਰ ਮੱਚ ਜਾਣੀ ਜੇ
ਪਾਉਣੋ ਪੈਲਾਂ ਜੁਲਫ਼ਾਂ ਨਾ ਰੋਕੀਆਂ

ਰਾਹਾਂ ਵਿੱਚ ਬੈਠ ਮੋਰ
ਭਰਦੇ ਨੇ ਚੌਕੀਆਂ
ਰਾਹਾਂ ਵਿੱਚ ਬੈਠ. . .

ਪਿੱਪਲਾਂ ਦੇ ਪੱਤ ਵਜਾਉਦੇ
ਦੇਖ ਤੈਨੂੰ ਤਾੜੀਆਂ
ਮੌਤੋ ਬੇਪਰਵਾਹ ਹੋਏ
ਲੋਰਾਂ ਭੌਰਿਆਂ ਨੂੰ ਚਾੜੀਆਂ

ਪਿੰਡਾਂ ਦੇ ਪਿੰਡ ਆਸ਼ਿਕ ਕਰਤੇ
ਏਹੋ ਗੱਲਾਂ ਮਾੜੀਆਂ
ਨੀ ਤੇਰੀਆਂ ਏਹੋ ਮਾੜੀਆਂ

ਰੇਤਲੇ ਟਿੱਬਿਆਂ ਤੋਂ ਲੰਘਿਆ
ਕੋਈ ਸੱਪ ਜਿੰਦਾਂ ਮੇਲ੍ਹਦਾ
ਰੰਗਲਾ ਪਰਾਂਦਾ ਤੇਰਾ
ਲੱਕ ਨਾਲ ਖੇਲ੍ਹਦਾ

ਗਿੱਠ ਲੰਮੀ ਧੌਣ ਬਾਰੇ
ਕਹਾਂ ਕਿਵੇਂ ਬੋਲ ਕੇ !
ਹਿੱਕ ਦੇ ਤਵੀਤ;
ਨੌ-ਲੱਖੇ ਰੱਖ ਦਿੱਤੇ ਰੋਲ ਕੇ

ਕੰਨਾਂ ਵਾਲੇ ਝੁਮਕਿਆਂ ਦਾ
ਤੇਰੇ ਮੁੱਲ ਕੋਈ ਨਾ ਸੱਚੀ
ਹੋਰ ਦੁਨੀਆਂ 'ਤੇ ਤੇਰੇ ਤੁੱਲ ਕੋਈ ਨਾ
ਹੋਰ ਦੁਨੀਆਂ 'ਤੇ...!

**-ਗਗਨਦੀਪ ਸਿੰਘ ਸੰਧੂ**
917589431402)



## ਬਾਬਾ ਸਾਹਿਬ ਅੰਬੇਦਕਰ

ਉਹ ਦੁੱਬੀ-ਕੁਚਲੀ ਕੌਮ ਲਈ ਬਣ 'ਮਸੀਹਾ' ਸੀ ਆ ਗਿਆ।
'ਬਾਬਾ ਸਾਹਿਬ ਅੰਬੇਦਕਰ', ਅੱਡ ਇਕ ਜੋਤ ਜਗਾ ਗਿਆ।

ਉਹਨੇ ਊਚ-ਨੀਚ ਤੇ ਭੇਦ-ਭਾਵ ਦਾ ਨਾਅਰਾ ਲਾਇਆ ਸੀ।
ਉਹਨੇ ਦੁਖੀ-ਮਜਲੂਮ ਨੂੰ ਨਾਲ ਅਣਖ ਦੇ ਜੀਊਣ ਸਿਖਾਇਆ ਸੀ।
ਉਹ ਨੀਵਿਆਂ ਨੂੰ ਚੁੱਕ ਫਰਸ਼ ਤੋ, ਅਰਸ਼ਾਂ ਉਤੇ ਬਿਠਾ ਗਿਆ,
'ਬਾਬਾ ਸਾਹਿਬ ਅੰਬੇਦਕਰ'..............

ਇੰਨਸਾਨੀਅਤ ਦਾ ਉਹਨੇ ਸਭਨਾਂ ਤਾਈ ਸਬਕ ਪੜਾਇਆ ਸੀ।
ਗਰੀਬ-ਗੁਰਬੇ ਦਾ ਸਿਰ ਉਚਾ ਕਰ, ਮਾਣ ਵਧਾਇਆ ਸੀ।
ਉਹ ਸਭ ਦੀ ਝੋਲੀ ਦੇ ਵਿਚ, ਮਿਹਨਤ ਦਾ ਮੁੱਲ ਪਾ ਗਿਆ,
'ਬਾਬਾ ਸਾਹਿਬ ਅੰਬੇਦਕਰ'..............

ਉਦੋਂ ਨੀਵੀ ਜਾਤ 'ਚ ਜਨਮ ਸੀ ਲੈਣਾ ਪਸ਼ੂ ਸਮਾਨ ਹੁੰਦਾ।
ਅਛੂਤ ਨੂੰ ਨਹੀ ਸੀ ਸਮਝਦੇ ਕਿ ਉਹ ਵੀ ਇਨਸਾਨ ਹੁੰਦਾ।
ਉਹ ਜੁਲਮ ਨਾਲ ਟਕਰਾ ਕੇ, ਸਭ ਨੂੰ ਹੱਕ ਦਿਵਾ ਗਿਆ,
'ਬਾਬਾ ਸਾਹਿਬ ਅੰਬੇਦਕਰ'..............

ਉਹਨੇ ਵਿਦਵਤਾ ਦੇ ਨਾਲ ਸਭ ਨੂੰ, ਸਿੱਧੇ ਰਾਹੇ ਪਾਇਆ ਸੀ।
ਪੂੰਝ ਨਿਮਾਣਿਆਂ ਦੇ ਹੰਝੂ, ਉਹਨੇ ਹੱਸਣਾ ਸਿਖਾਇਆ ਸੀ।
ਉਹ ਬਾਲ ਕੇ ਦੀਵੇ ਗਿਆਨ ਦੇ, ਹਨੇਰਾ ਜੱਗ ਰੁਸ਼ਨਾ ਗਿਆ,
'ਬਾਬਾ ਸਾਹਿਬ ਅੰਬੇਦਕਰ'..............

ਬਣਾਏ ਉਹਦੇ ਸੰਵਿਧਾਨ ਦੀ, ਜਦ ਵੀ ਯਾਦ ਆਉਂਦੀ ਏ,
'ਮਹਿਕ ਕੁਲਵਿੰਦਰ', 'ਜੈ ਭੀਮ' ਦੇ ਫਿਰ ਨਾਅਰੇ ਲਾਉਦੀ ਏ।
ਇਤਿਹਾਸ ਦੇ ਸੁਨਹਿਰੀ ਪੰਨਿਆਂ ਤੇ ਆਪਣਾ ਨਾਂਓ ਲਿਖਵਾ ਗਿਆ,
'ਬਾਬਾ ਸਾਹਿਬ ਅੰਬੇਦਕਰ', ਅੱਡ ਇਕ ਜੋਤ ਜਗਾ ਗਿਆ।

**-ਕੁਲਵਿੰਦਰ ਕੌਰ ਮਹਿਕ, (ਮੁਹਾਲੀ)**



## ਸੁੱਚਾ ਸੂਰਮਾ



ਘਰ ਕਾਹਦਾ ਸੀ ਮੈਂ ਆਉਣਾ ਨਾਂ ਮੈਂ ਫੌਜ 'ਚੋਂ ਕਟਾਉਣਾ
ਯਾਰ ਪਾਲਣਾ ਤੇ ਜੀਹਨੇ ਪਿੱਛੋਂ ਖਸਮ ਹੰਢਾਉਣਾ
ਉਹਨੇ ਜਾਨ ਸਾਡੀ ਦੁੱਖਾਂ ਵਿਚ ਪਾਈ ਭਾਬੀਏ
ਬੱਸ ਕੀਹਦੀ ਕੀਹਦਾ ਦਾਣਾ ਪਾਣੀ ਮੁੱਕਿਆ
ਹੁਣ ਆਪ ਤੂੰ ਅੰਦਾਜ਼ਾ ਬੱਸ ਲਾਈ ਭਾਬੀਏ।

ਲਿਖੇ ਚਿੱਠੀ ਵਿਚ ਦੁੱਖ ਵੀਰਾ ਤੇਰਾ ਕਾਹਦਾ ਸੁੱਖ
ਲੋਕ ਮਾਰਦੇ ਨੇ ਤਾਅਨੇ ਯਾਰ ਮੋੜ ਗਏ ਮੁਖ
ਸਾਰੀ ਵੀਰ ਨੇ ਸੀ ਗੱਲ ਸਮਝਾਈ ਭਾਬੀਏ
ਬੱਸ ਕੀਹਦੀ ਕੀਹਦਾ ਦਾਣਾ .....

ਮੈਂ ਵੀ ਕੀਤੀ ਕੁਰਬਾਨੀ ਮੇਰਾ ਬਣ ਗਿਆ ਸਾਨੀ
ਬੱਚੇ ਅੱਗ ਵਿਚੋਂ ਕੱਢੇ ਧਾਹਾਂ ਮਾਰਦੀ ਜਨਾਨੀ
ਜਾਨ ਸੂਰਮੇ ਨੇ ਤਲੀ ਤੇ ਟਕਾਈ ਭਾਬੀਏ
ਬੱਸ ਕੀਹਦੀ ਕੀਹਦਾ ਦਾਣਾ .....

ਦੱਸੀ ਸਾਹਿਬ ਨੂੰ ਕਹਾਣੀ ਉਹ ਤਾਂ ਹੋਇਆ ਪਾਣੀ ਪਾਣੀ
ਕਹਿੰਦਾ ਦੇਰ ਨਾ ਤੂੰ ਲਾ ਆ ਫੜ ਬੰਦੇ ਖਾਣੀ
ਥੈਲੀ ਰੌਂਦਾਂ ਵਾਲੀ ਹੱਕ ਵੀ ਫੜਾਈ ਭਾਬੀਏ
ਬੱਸ ਕੀਹਦਾ ਕੀਹਦਾ ਦਾਣਾ .......
ਸਾਹਿਬ ਕੀਤਾ ਪ੍ਰਬੰਧ ਨਾ ਕੋਈ ਕਰੂ ਤੈਨੂੰ ਤੰਗ
ਮੈਨੂੰ ਰੇਲ 'ਚ ਬਿਠਾਇਆ ਜਾਕੇ ਚਾੜ੍ਹ ਦੇਵੀ ਚੰਦ
ਬਾਕੀ ਟਿਕਟ ਵੀ ਉਹਨੇ ਹੀ ਕਟਾਈ ਭਾਬੀਏ
ਬੱਸ ਕੀਹਦਾ ਕੀਹਦਾ ਦਾਣਾ .......

ਨਾ ਕੋਈ ਸਕਦਾ ਸਹਾਰ ਹੁੰਦੀ ਮਰਦਾਂ ਨੂੰ ਮਾਰ
ਪਿੰਡ 'ਘੋਲੀਏ' ਦਾ 'ਦੇਵ' ਸਾਡਾ ਯਾਰਾਂ ਦਾ ਹੈ ਯਾਰ
ਚਿੱਠੀ ਵੀਰ ਨੇ ਸੀ ਉਸ ਤੋਂ ਲਿਖਾਈ ਭਾਬੀਏ
ਤੇਰਾ ਦੁਨੀਆ ਤੋਂ ਅੰਨ ਜਲ ਮੁੱਕ ਗਿਆ
ਹੱਥ ਜੋੜਦੀ ਕਿਉਂ ਕਰੇ ਚਤਰਾਈ ਭਾਬੀਏ
ਬੱਸ ਕੀਹਦਾ ਕੀਹਦਾ ਦਾਣਾ ਪਾਣੀ ਮੁੱਕਿਆ
ਹੁਣ ਆਪ ਤੂੰ ਅੰਦਾਜ਼ਾ ਬੱਸ ਲਾਈ ਭਾਬੀਏ।

**– ਦੇਵ ਘੋਲੀਆ ਖੁਰਦ (ਫਰਿਜ਼ਨੋ)**
559-232-7764

# ਪੁਸਤਕ 'ਕਾਮਾਗਾਟਾਮਾਰੂ ਦਾ ਸਹਿ-ਨਾਇਕ ਭਾਈ ਦਲਜੀਤ ਸਿੰਘ (ਭਾਈ ਰਾਏ ਸਿੰਘ)' ਦਾ ਲੋਕ-ਅਰਪਣ



ਸਮਾਗਮ ਨੂੰ ਸੰਬੋਧਨ ਕਰਦੇ ਹੋਏ ਸ. ਗੁਰਲਾਲ ਸਿੰਘ ਬਰਾੜ



ਸਮਾਗਮ ਨੂੰ ਸੰਬੋਧਨ ਕਰਦੇ ਹੋਏ ਡਾ. ਪਰਮਜੀਤ ਸਿੰਘ ਢੀਂਗਰਾ




ਰਿਲੀਜ਼ ਕਰਦੇ ਹੋਏ ਸ੍ਰੀ ਗੁਰਸੇਵਕ ਪ੍ਰੀਤ, ਸ. ਗੁਰਲਾਲ ਸਿੰਘ ਬਰਾੜ, ਸ. ਬਲਦੇਵ ਸਿੰਘ ਭੰਮ, ਸ੍ਰੀ ਸੀਤਾ ਰਾਮ ਬਾਂਸਲ, ਸ੍ਰੀ ਪਰਮਜੀਤ ਸਿੰਘ ਢੀਂਗਰਾ, ਸ. ਦਰਸ਼ਨ ਸਿੰਘ (ਪੋਤਰੇ ਭਾਈ ਦਲਜੀਤ ਸਿੰਘ), ਪ੍ਰੋ. ਲੋਕ ਨਾਥ ਅਤੇ ਸ. ਨਿਹਾਲ ਸਿੰਘ



ਸਮਾਗਮ ਨੂੰ ਸੰਬੋਧਨ ਕਰਦੇ ਹੋਏ ਸ੍ਰੀ ਸੀਤਾ ਰਾਮ ਬਾਂਸਲ



ਸਮਾਗਮ ਵਿੱਚ ਹਾਜ਼ਰ ਸ੍ਰੋਤੇ

**ਜਲੰਧਰ (ਤਰਸੇਮ ਜਲੰਧਰੀ)–** 9 ਜੂਨ 2017 ਨੂੰ ਸਾਹਿਤ ਸੱਥ ਸ੍ਰੀ ਮੁਕਤਸਰ ਸਾਹਿਬ ਵੱਲੋਂ ਇੱਕ ਪ੍ਰਭਾਵਸ਼ਾਲੀ ਸਮਾਗਮ ਦੌਰਾਨ ਲੇਖਕ ਗੁਰਲਾਲ ਸਿੰਘ ਬਰਾੜ ਦੀ ਨਵ-ਪ੍ਰਕਾਸ਼ਿਤ ਪੁਸਤਕ 'ਕਾਮਾਗਾਟਾਮਾਰੂ ਦਾ ਸਹਿ-ਨਾਇਕ ਭਾਈ ਦਲਜੀਤ ਸਿੰਘ (ਭਾਈ ਰਾਏ ਸਿੰਘ)' ਦਾ ਲੋਕ-ਅਰਪਣ ਕੀਤਾ ਗਿਆ। ਇਸ ਮੌਕੇ ਬੋਲਦਿਆਂ ਸ. ਗੁਰਲਾਲ ਸਿੰਘ ਬਰਾੜ ਨੇ ਕਿਹਾ ਕਿ ਕੌਮੀ ਸ਼ੰਘਰਸ਼ਾਂ ਵਿੱਚ ਜੂਝ ਰਹੇ ਨਾਇਕਾਂ ਕੋ਼ਲ ਆਪਣਾ ਇਤਿਹਾਸ ਲਿਖਣ ਦਾ ਸਮਾਂ ਨਹੀਂ ਹੁੰਦਾ, ਇਸ ਕਰਕੇ ਇਹ ਜ਼ਿ-ਮੇਵਾਰੀ ਉਹਨਾਂ ਦੇ ਵਾਰਸਾਂ ਦੀ ਬਣਦੀ ਹੈ ਕਿ ਉਹ ਆਪਣੇ ਵਡੇਰਿਆਂ ਦੇ ਇਤਿਹਾਸ ਨੂੰ ਲਿਖਤ ਰੂਪ ਵਿੱਚ ਸੰਭਾ਼ਲ ਕੇ ਆਉਣ ਵਾ਼ਲੀਆਂ ਪੀੜ੍ਹੀਆਂ ਦੇ ਸਨਮੁੱਖ ਕਰਨ। ਸ. ਬਰਾੜ ਨੇ ਦੱਸਿਆ ਕਿ ਭਾਈ ਦਲਜੀਤ ਸਿੰਘ (ਭਾਈ ਰਾਏ ਸਿੰਘ) ਸਾਡੇ ਇਤਿਹਾਸ ਦੇ ਉਹ ਅਣਗੌ਼ਲੇ ਨਾਇਕ ਹਨ, ਜਿੰਨ੍ਹਾਂ ਦੇ ਜੀਵਨ 'ਤੇ ਅਜੇ ਤੱਕ ਕੋਈ ਕੰਮ ਨਹੀਂ ਸੀ ਹੋਇਆ। ਉਹਨਾਂ ਦੱਸਿਆ ਕਿ ਭਾਈ ਦਲਜੀਤ ਸਿੰਘ ਬਾਰੇ ਵੱਖ-ਵੱਖ ਸ੍ਰੋਤਾਂ ਤੋਂ ਮਿਲੇ ਖਿੰਡੇ-ਟੁੱਟਵੇਂ ਵੇਰਵਿਆਂ ਨੂੰ ਇਕੱਠਿਆਂ ਕਰਕੇ ਉਹਨਾਂ ਦੀ ਸ਼ਖ਼ਸੀਅਤ ਦੀ ਇੱਕ ਮੁਕੰਮਲ ਤਸਵੀਰ ਪੇਸ਼ ਕਰਨ ਦੀ ਕੋਸ਼ਸ਼ ਕੀਤੀ ਗਈ ਹੈ। ਸਮਾਗਮ ਦੌਰਾਨ ਪ੍ਰਧਾਨਗੀ ਮੰਡਲ ਦੇ ਬੁਲਾਰਿਆਂ ਵਿੱਚੋਂ ਪ੍ਰੋ. ਲੋਕ ਨਾਥ ਨੇ ਵਧਾਈ ਦਿੰਦਿਆਂ ਦੱਸਿਆ ਕਿ ਸ. ਗੁਰਲਾਲ ਸਿੰਘ ਬਰਾੜ ਉਹਨਾਂ ਦੇ ਪੁਰਾਣੇ ਵਿਦਿਆਰਥੀ ਰਹੇ ਹਨ ਅਤੇ ਉਹਨਾਂ ਨੂੰ ਅਜਿਹੇ ਵਿਦਿਆਰਥੀਆਂ 'ਤੇ ਮਾਣ ਹੈ। ਉਹਨਾਂ ਹੋਰ ਕਿਹਾ ਕਿ ਇਤਿਹਾਸਕਾਰੀ ਇੱਕ ਬਹੁਤ ਹੀ ਔਖਾ ਅਤੇ ਸਖ਼ਤ ਮਿਹਨਤ ਵਾ਼ਲਾ ਕਾਰਜ ਹੈ ਅਤੇ ਗੁਰਲਾਲ ਸਿੰਘ ਬਰਾੜ ਨੇ ਇਹ ਕਾਰਜ ਨੇਪਰੇ ਚਾੜ੍ਹ ਕੇ ਪੰਜਾਬੀ ਸਾਹਿਤ ਅਤੇ ਇਤਿਹਾਸ ਨੂੰ ਇੱਕ ਮਹੱਤਵਪੂਰਨ ਦੇਣ ਦਿੱਤੀ ਹੈ। ਪੰਜਾਬ ਯੂਨੀਵਰਸਿਟੀ ਰੀਜ਼ਨਲ ਸੈਂਟਰ ਮੁਕਤਸਰ ਦੇ ਡਾਇਰੈਕਟਰ ਡਾ. ਪਰਮਜੀਤ ਸਿੰਘ ਢੀਂਗਰਾ ਨੇ ਇਸ ਮੌਕੇ ਬੋਲਦਿਆਂ ਆਖਿਆ ਕਿ ਅਜਿਹੇ ਅਣਗੌ਼ਲੇ ਕੌਮੀ ਨਾਇਕਾਂ ਦੇ ਜੀਵਨ ਨੂੰ ਲੋਕਾਂ ਦੇ ਸਾਹਮਣੇ ਲਿਆਉਣਾ ਸਮੇਂ ਦੀ ਵੱਡੀ ਲੋੜ ਹੈ। ਉਹਨਾਂ ਕਿਹਾ ਕਿ ਸਮਾਜ ਦੇ ਖ਼ੁਦਗ਼ਰਜ਼ ਅਨਸਰਾਂ ਵੱਲੋਂ ਅਜਿਹੇ ਲੋਕ-ਨਇਕਾਂ ਨੂੰ ਲੋਕ-ਮਨ ਵਿੱਚੋਂ ਮਨਫ਼ੀ ਕਰਨ ਦੇ ਸੁਚੇਤ ਜਤਨ ਕੀਤੇ ਜਾ ਰਹੇ ਹਨ। ਡਾ. ਢੀਂਗਰਾ ਨੇ ਕਿਤਾਬ ਸੰਬੰਧੀ ਬੋਲਦਿਆਂ ਕਿਹਾ ਕਿ ਇੱਕ ਇਤਿਹਾਸਿਕ ਦਸਤਾਵੇਜ਼ ਹੋਣ ਦੇ ਬਾਵਜੂਦ ਵੀ ਪੁਸਤਕ ਦੀ ਭਾਸ਼ਾ-ਸ਼ੈਲੀ ਬੇਹਦ ਰੌਚਕ ਅਤੇ ਇੱਕ ਸਹਿਜ ਵਗਦੇ ਦਰਿਆ ਵਰਗੀ ਹੈ। ਉਹਨਾਂ ਕਿਹਾ ਕਿ ਕੁਝ ਸਮੇਂ ਬਾਅਦ ਰੀਜ਼ਨਲ ਸੈਂਟਰ ਸ੍ਰੀ ਮੁਕਤਸਰ ਸਾਹਿਬ ਵਿਖੇ ਇਸ ਪੁਸਤਕ 'ਤੇ ਵਿਚਾਰ-ਗੋਸ਼ਟੀ ਰੱਖੀ ਜਾਵੇਗੀ ਅਤੇ ਉਸ ਮੌਕੇ ਪੁਸਤਕ ਦੇ ਹੋਰ ਪੱਖਾਂ 'ਤੇ ਭਰਵੀਂ ਚਰਚਾ ਕੀਤੀ ਜਾਵੇਗੀ। ਉਹਨਾਂ ਭਾਈ ਦਲਜੀਤ ਸਿੰਘ ਦੀ ਯਾਦ ਵਿੱਚ ਉਹਨਾਂ ਦੇ ਪਿੰਡ ਕਾਉਣੀ ਵਿੱਚ ਇੱਕ ਲਾਇਬਰੇਰੀ ਖੋ਼ਲ੍ਹਣ ਦਾ ਸੁਝਾਅ ਦਿੱਤਾ ਅਤੇ ਲਾਇਬਰੇਰੀ ਲਈ 50 ਪੁਸਤਕਾਂ ਭੇਟ ਕਰਨ ਦਾ ਵਾਅਦਾ ਵੀ ਕੀਤਾ। ਪੁਸਤਕ ਦੇ ਸੰਪਾਦਕ ਸ੍ਰੀ ਸੀਤਾ ਰਾਮ ਬਾਂਸਲ ਨੇ ਬੋਲਦਿਆਂ ਕਿਹਾ ਕਿ ਦੇਸ਼-ਭਗਤਾਂ ਦੇ ਇਤਿਹਾਸ ਨੂੰ ਸਾਂਭਣ ਦੀ ਬੇਹਦ ਲੋੜ ਹੈ ਅਤੇ ਇਹ ਕੰਮ ਸਿਰਫ਼ ਗੱਲਾਂ ਨਾ਼ਲ ਪੂਰਾ ਹੋਣ ਵਾ਼ਲਾ ਨਹੀਂ, ਸਗੋਂ ਇਸ ਮਕਸਦ ਦੀ ਪੂਰਤੀ ਲਈ ਸਾਨੂੰ ਸਭ ਨੂੰ ਸ. ਗੁਰਲਾਲ ਸਿੰਘ ਬਰਾੜ ਵਾਂਗ ਜਤਨ ਕਰਨੇ ਚਾਹੀਦੇ ਹਨ। ਸ੍ਰੀ ਬਾਂਸਲ ਨੇ ਕਿਹਾ ਕਿ ਅਸੀਂ ਆਪਣੇ ਦੇਸ਼-ਭਗਤਾਂ ਪ੍ਰਤੀ ਬਹੁਤ ਹੀ ਅਵੇਸਲੇ ਹਾਂ ਅਤੇ ਇਹ ਗ਼ੈਰ-ਸੰਜੀਦਗੀ ਭਵਿੱਖ ਵਿੱਚ ਸਾਡੇ ਲਈ ਬਹੁਤ ਨੁਕਸਾਨਦੇਹ ਸਿੱਧ ਹੋਵੇਗੀ। ਸ੍ਰੀ ਬਾਂਸਲ ਨੇ ਭਾਈ ਦਲਜੀਤ ਸਿੰਘ ਦੀ ਯਾਦ ਵਿੱਚ ਬਣਾਈ ਜਾਣ ਵਾ਼ਲੀ ਲਾਇਬਰੇਰੀ ਲਈ 5000 ਰੁਪਏ ਦੀਆਂ ਕਿਤਾਬਾਂ ਭੇਟ ਕਰਨ ਦਾ ਵਾਅਦਾ ਕੀਤਾ। ਪ੍ਰੋ. ਲੋਕ ਨਾਥ ਨੇ ਵੀ ਲਾਇਬਰੇਰੀ ਲਈ 100 ਕਿਤਾਬਾਂ ਭੇਟ ਕਰਨ ਦਾ ਵਾਅਦਾ ਕੀਤਾ। ਹੋਰ ਬੁਲਾਰਿਆਂ ਵਿੱਚ ਦੇਸ਼-ਭਗਤ ਯਾਦਗਾਰ ਜਲੰਧਰ ਦੇ ਲਾਇਬ੍ਰੇਰੀਅਨ ਮੈਡਮ ਬਲਵਿੰਦਰ ਕੌਰ ਨੇ ਬੋਲਦਿਆਂ ਦੱਸਿਆ ਕਿ ਸ. ਗੁਰਲਾਲ ਸਿੰਘ ਬਰਾੜ ਨੇ ਇਹ ਪੁਸਤਕ ਬਹੁਤ ਹੀ ਮਿਹਨਤ ਨਾ਼ਲ ਲਿਖੀ ਹੈ ਅਤੇ ਲਾਇਬ੍ਰੇਰੀਅਨ ਹੋਣ ਦੇ ਨਾਤੇ ਉਹ ਇਸ ਦੇ ਪ੍ਰਤੱਖ-ਦਰਸ਼ੀ ਹਨ। ਪੰਜਾਬੀ ਯੂਨੀਵਰਸਿਟੀ ਕਾਲਜ ਘੁੱਦਾ ਦੇ ਕਾਰਜਕਾਰੀ ਪ੍ਰਿੰਸੀਪਲ ਡਾ. ਜਸਪਾਲ ਸਿੰਘ ਨੇ ਵਧਾਈ ਦਿੱਤੀ ਅਤੇ ਕਿਹਾ ਕਿ ਭਾਈ ਦਲਜੀਤ ਸਿੰਘ ਦੇ ਜੀਵਨ 'ਤੇ ਪਹਿਲੀ ਵਾਰ ਕੋਈ ਅਮਲੀ ਕਾਰਜ ਹੋਇਆ ਹੈ। ਇਸ ਮੌਕੇ ਭਾਈ ਦਲਜੀਤ ਸਿੰਘ ਦੀ ਪੜਪੋਤੀ ਹਰਪ੍ਰੀਤ ਕੌਰ ਨੇ ਲੇਖਕ ਦਾ ਧੰਨਵਾਦ ਕੀਤਾ ਅਤੇ ਆਪਣੇ ਬਜ਼ੁਰਗਾਂ ਦੇ ਨਕਸ਼ੇ-ਕਦਮਾਂ 'ਤੇ ਚੱਲਣ ਦਾ ਵਚਨ ਦੁਹਰਾਇਆ। ਇਸ ਤੋਂ ਇਲਾਵਾ ਸ੍ਰੀ ਪਿਆਰੇ ਲਾਲ ਦੋਦਾ, ਪ੍ਰੋ. ਮੋਹਨ ਸਿੰਘ, ਸ੍ਰੀ ਬਲਦੇਵ ਸਿੰਘ ਅਜ਼ਾਦ ਅਤੇ ਡਾ. ਹਰਜਿੰਦਰ ਸੂਰੇਵਾਲੀਆ ਨੇ ਵੀ ਵਧਾਈ ਦਿੱਤੀ। ਸਮਾਗਮ ਦੌਰਾਨ ਮੰਚ ਸੰਚਾਲਨ ਦੀ ਜ਼ਿੰਮੇਵਾਰੀ ਉੱਘੇ ਕਹਾਣੀਕਾਰ ਅਤੇ ਸਾਹਿਤ ਸੱਥ ਸ੍ਰੀ ਮੁਕਤਸਰ ਸਾਹਿਬ ਦੇ ਜਨਰਲ ਸਕੱਤਰ ਸ੍ਰੀ ਗੁਰਸੇਵਕ ਪ੍ਰੀਤ ਨੇ ਬਾਖ਼ੂਬੀ ਨਿਭਾਈ। ਸਮਾਗਮ ਦੇ ਅਖੀਰ ਵਿੱਚ ਸਾਹਿਤ ਸੱਥ ਸ੍ਰੀ ਮੁਕਤਸਰ ਸਾਹਿਬ ਦੇ ਪ੍ਰਧਾਨ ਸ. ਬਲਦੇਵ ਸਿੰਘ ਭੰਮ ਨੇ ਸਮਾਗਮ ਵਿੱਚ ਹਾਜ਼ਰੀ ਭਰਨ ਵਾ਼ਲੇ ਸਮੂਹ ਵਿਦਵਾਨਾਂ ਅਤੇ ਸਰੋਤਿਆਂ ਦਾ ਹਾਰਦਿਕ ਧੰਨਵਾਦ ਕੀਤਾ।

ਇਸ ਤੋਂ ਇਲਾਵਾ ਸਮਾਗਮ ਵਿੱਚ ਭਾਈ ਦਲਜੀਤ ਸਿੰਘ ਦੇ ਪੋਤਰੇ ਸ. ਦਰਸ਼ਨ ਸਿੰਘ ਅਤੇ ਉਹਨਾਂ ਦਾ ਪਰਿਵਾਰ, ਦੇਸ਼-ਭਗਤ ਰਾਏ ਸਿੰਘ ਕਾਨਵੈਂਟ ਸਕੂਲ ਕਾਉਣੀ ਦੇ ਚੇਅਰਮੈਨ ਸ. ਨਿਹਾਲ ਸਿੰਘ, ਸ. ਗੁਰਦੇਵ ਸਿੰਘ, ਕੁਲਵੰਤ ਗਿੱਲ, ਸ. ਜਸਵਿੰਦਰ ਸਿੰਘ ਗਿੱਲ, ਸ. ਪ੍ਰਗਟ ਸਿੰਘ ਮਾਨ, ਗੁਰਸੇਵਕ ਸਿੰਘ ਬਰਾੜ, ਮੋਹਿਤ ਗਿੱਲ, ਸ. ਨਿਰਮਲ ਸਿੰਘ, ਸ. ਵਰਿੰਦਰਪਾਲ ਸਿੰਘ, ਸ. ਨਰਿੰਦਰ ਸਿੰਘ ਕਾਉਣੀ, ਪਾਲ ਸਿੰਘ ਬਰਾੜ, ਬਾਬਾ ਕਰਮ ਸਿੰਘ, ਭੁਪਿੰਦਰ ਸਿੰਘ ਬਰਾੜ ਅਤੇ ਕੁਲਬੀਰ ਕਾਉਣੀ ਆਦਿ ਹਾਜ਼ਰ ਸਨ।

## ਸ੍ਰੀ ਪ੍ਰੇਮ ਚੁੰਬਰ ਨੂੰ ਪੁਸਤਕ ਭੇਟ

ਦੇਸ਼-ਦੁਆਬਾ ਅਤੇ ਅੰਬੇਦਕਰ ਟਾਈਮਜ਼ ਦੇ ਸੰਪਾਦਕ ਸ੍ਰੀ ਪ੍ਰੇਮ ਚੁੰਬਰ ਦੀ ਭਾਰਤ-ਫੇਰੀ ਦੌਰਾਨ 11 ਮਈ 2017 ਨੂੰ ਦੇਸ਼-ਭਗਤ ਯਾਦਗਾਰ ਹਾਲ ਜਲੰਧਰ ਵਿਖੇ ਉਹਨਾਂ ਨਾ਼ਲ ਇੱਕ ਵਿਸ਼ੇਸ਼ ਮਿਲਣੀ ਕੀਤੀ ਗਈ।

ਇਸ ਸੰਖੇਪ ਮਿਲਣੀ ਦੌਰਾਨ ਉਹਨਾ ਨੂੰ ਲੇਖਕ ਗੁਰਲਾਲ ਸਿੰਘ ਬਰਾੜ ਦੀ ਨਵ-ਪ੍ਰਕਾਸ਼ਿਤ ਪੁਸਤਕ



ਸ੍ਰੀ ਪਰੇਮ ਚੁੰਬਰ ਜੀ ਨੂੰ ਪੁਸਤਕ ਭੇਟ ਕਰਦੇ ਹੋਏ ਸ. ਗੁਰਲਾਲ ਸਿੰਘ ਬਰਾੜ ਅਤੇ ਸ੍ਰੀ ਸੀਤਾ ਰਾਮ ਬਾਂਸਲ

'ਕਾਮਾਗਾਟਾਮਾਰੂ ਦਾ ਸਹਿ-ਨਾਇਕ ਭਾਈ ਦਲਜੀਤ ਸਿੰਘ (ਭਾਈ ਰਾਏ ਸਿੰਘ) ਭੇਟ ਕੀਤੀ ਗਈ। ਪੁਸਤਕ ਦੇ ਸੰਪਾਦਕ ਸ੍ਰੀ ਸੀਤਾ ਰਾਮ ਬਾਂਸਲ ਨੇ ਸ੍ਰੀ ਪ੍ਰੇਮ ਚੁੰਬਰ ਵੱਲੋਂ ਅਖ਼ਬਾਰਾਂ ਦੇਸ਼-ਦੁਆਬਾ ਅਤੇ ਅੰਬੇਦਕਰ ਟਾਈਮਜ਼ ਰਾਹੀਂ ਪਰਵਾਸੀ ਪੰਜਾਬੀ ਅਤੇ ਭਾਰਤੀ ਭਾਈਚਾਰੇ ਦੀ ਕੀਤੀ ਜਾ ਰਹੀ ਸੇਵਾ ਦੀ ਸ਼ਲਾਘਾ ਕੀਤੀ।

ਸ੍ਰੀ ਚੁੰਬਰ ਨੇ ਕਿਹਾ ਕਿ ਉਹ ਪੰਜਾਬੀ ਮਾਂ-ਬੋਲੀ ਦੀ ਸੇਵਾ ਲਈ ਵਚਨਬੱਧ ਹਨ। ਉਹਨਾਂ ਕਿਹਾ ਕਿ ਅਜਿਹੇ ਭੁੱਲੇ-ਵਿੱਸਰੇ ਨਾਇਕ ਦੇ ਜੀਵਨ ਨੂੰ ਲੋਕਾਂ ਦੇ ਸਾਹਮਣੇ ਲਿਆਉਣ ਲਈ ਲੇਖਕ ਗੁਰਲਾਲ ਸਿੰਘ ਬਰਾੜ ਵਧਾਈ ਦੇ ਪਾਤਰ ਹਨ।

ਮਿਲਣੀ ਦੌਰਾਨ ਦੇਸ਼-ਭਗਤ ਯਾਦਗਾਰ ਹਾਲ ਜਲੰਧਰ ਦੇ ਲਾਇਬ੍ਰੇਰੀਅਨ ਸ੍ਰੀ ਮਤੀ ਬਲਵਿੰਦਰ ਕੌਰ ਅਤੇ ਸ. ਗੁਰਦੀਪ ਸਿੰਘ ਵੀ ਹਾਜ਼ਰ ਸਨ।



ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ (ਕੈਲੇਫੋਰਨੀਆ) ਵਿਖੇ ਬਾਬਾ ਸਾਹਿਬ ਭੀਮਰਾਓ ਰਾਮਜੀ ਅੰਬੇਡਕਰ ਜੀ ਦਾ 126ਵਾਂ ਜਨਮ ਦਿਨ **25 ਜੂਨ 2017 (ਦਿਨ ਐਤਵਾਰ)** ਨੂੰ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਅਤੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਪੂਰਨ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਸਮੂਹ ਸਾਧ ਸੰਗਤ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ 25 ਜੂਨ ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ ਪਹੁੰਚ ਕੇ ਵਿਦਵਾਨ ਬੁਲਾਰਿਆਂ ਦੇ ਵਿਚਾਰ ਸੁਣੀਏ ਅਤੇ ਬਾਬਾ ਸਾਹਿਬ ਦੇ ਜੀਵਨ, ਸੰਘਰਸ਼ ਅਤੇ ਉਹਨਾਂ ਦੀ ਮਹਾਨ ਦੇਣ ਬਾਰੇ ਜਾਣਕਾਰੀ ਭਰਪੂਰ ਵਿਚਾਰ ਸੁਣੀਏ।





**ਬੇਨਤੀ ਕਰਤਾ ਸੰਗਤ ਦਾ ਦਾਸ**

# ਕਸ਼ਮੀਰੀ ਭਾਟੀਆ

## ਪ੍ਰਧਾਨ

**ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੇਫੋਰਨੀਆ)**

**831-623-4702**

## ਅਤੇ ਸਮੂਹ ਭਾਟੀਆ ਪਰਿਵਾਰ



# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

**ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ**



Kashmiri Bhatia & his wife

# K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

ਸੋਹੰ


# ਸ੍ਰੀ ਗੁਰੂ ਰਵਿਦਾਸ ਸਭਾ, ਪਿਟਸਬਰਗ (ਕੈਲੇਫੋਰਨੀਆ)

## 2150 ਕ੍ਰਿਸਟਵਿਊ ਡ੍ਰਾਈਵ, ਪਿਟਸਬਰਗ (ਕੈਲੇਫੋਰਨੀਆ) 94565



## ਗੁਰੂ ਪਿਆਰੀ ਸਾਧ ਸੰਗਤ ਜੀ

ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ (ਕੈਲੇਫੋਰਨੀਆ) ਵਿਖੇ ਬਾਬਾ ਸਾਹਿਬ ਭੀਮਰਾਓ ਰਾਮਜੀ ਅੰਬੇਡਕਰ ਜੀ ਦਾ 126ਵਾਂ ਜਨਮ ਦਿਨ **25 ਜੂਨ 2017 (ਦਿਨ ਐਤਵਾਰ)** ਨੂੰ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਅਤੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਪੂਰਨ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸਾਧ ਸੰਗਤ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ 25 ਜੂਨ ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ ਪਹੁੰਚ ਕੇ ਵਿਦਵਾਨ ਬੁਲਾਰਿਆਂ ਦੇ ਵਿਚਾਰ ਸੁਣੀਏ ਅਤੇ ਬਾਬਾ ਸਾਹਿਬ ਦੇ ਜੀਵਨ, ਸੰਘਰਸ਼ ਅਤੇ ਉਹਨਾਂ ਦੀ ਮਹਾਨ ਦੇਣ ਬਾਰੇ ਜਾਣਕਾਰੀ ਭਰਪੂਰ ਵਿਚਾਰ ਸੁਣੀਏ। ਇਸ ਮੌਕੇ ਰਾਗੀ ਜਥਾ ਗਿਆਨੀ ਸੁਵੇਗ ਸਿੰਘ ਜੀ ਦਾ, ਗਿਆਨੀ ਗੁਰਨਾਮ ਸਿੰਘ/ਓਮਪਾਲ ਸਿੰਘ, ਗਿਆਨੀ ਪ੍ਰਕਾਸ਼ ਸਿੰਘ ਅਤੇ ਹੋਰ ਕੀਰਤਨੀ ਜਥੇ ਗੁਰਬਾਣੀ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ।




## ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਦੀ 32ਵੀਂ ਵਰ੍ਹੇਗੰਢ (ਜੂਨ 30 ਤੋਂ ਜੁਲਾਈ 2, 2017)

ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਦੀ 32ਵੀਂ ਸਾਲਾਨਾ ਵਰ੍ਹੇਗੰਢ 30 ਜੂਨ ਤੋਂ 2 ਜੁਲਾਈ 2017 ਤੱਕ ਮਨਾਈ ਜਾ ਰਹੀ ਹੈ। ਸ੍ਰੀ ਅਖੰਡ ਪਾਠ ਸਾਹਿਬ ਸ਼ੁੱਕਰਵਾਰ 30 ਜੂਨ ਨੂੰ ਪ੍ਰਾਰੰਭ ਹੋਣਗੇ ਅਤੇ ਪਾਠ ਦੇ ਭੋਗ 2 ਜੁਲਾਈ ਦਿਨ ਐਤਵਾਰ ਨੂੰ ਪਾਏ ਜਾਣਗੇ। ਸ੍ਰੀ ਅਖੰਡ ਪਾਠ ਸਾਹਿਬ ਅਤੇ ਲੰਗਰ ਦੀ ਸੇਵਾ ਗੁਰੂ ਘਰ ਦੀ ਕਮੇਟੀ ਵੱਲੋਂ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਕੀਤੀ ਜਾਵੇਗੀ। ਇਸ ਮੌਕੇ ਪੰਥ ਪ੍ਰਸਿੱਧ ਰਾਗੀ ਜਥਾ ਗਿਆਨੀ ਓਮਪਾਲ ਸਿੰਘ, ਗਿਆਨੀ ਗੁਰਨਾਮ ਸਿੰਘ ਜੀ ਅਤੇ ਗਿਆਨੀ ਪ੍ਰਕਾਸ਼ ਸਿੰਘ ਜੀ ਦੇ ਜਥੇ ਰਸਭਿੰਨੇ ਸ਼ਬਦ ਗਾਇਨ ਨਾਲ ਸੰਗਤ ਨੂੰ ਨਿਹਾਲ ਕਰਨਗੇ।

## ਬੇਨਤੀ ਕਰਤਾ ਸਮੂਹ ਪ੍ਰਬੰਧਕ ਕਮੇਟੀ ਅਤੇ ਸੰਗਤ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਬਰਗ (ਕੈਲੇਫੋਰਨੀਆ)

## ਹੋਰ ਜਾਣਕਾਰੀ ਸੰਪਰਕ ਕਰੋ- ਗੁਰੂ ਘਰ 925-439-2355



| Chairman | President | General Secretary | Treasurer |
|---|---|---|---|
| Shinder Pal Narabat | Kashmiri Bhatia | Gina Bhatia | Jasvir Chahal |
| (925) 683-0178 | (408)460-0262 | (925) 483-1629 | (209)627-7944 |